੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

# ਖ਼ਾਲਸਾ ਸਮਾਚਾਰ
Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ
Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-

ਅੰਕ ੯ ਜਿਲਦ ੩੧ ੨੧-੨੭ ਜਨਵਰੀ ੨੦੨੧, ੮-੧੪ ਮਾਘ ੨੦੭੭ ਨਾਨਕਸ਼ਾਹੀ ਸੰਮਤ ੫੫੨
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-
Issue 9 Volume 31, 21-27 January 2021
Yearly Subscription India 250/-, Abroad 2500/- and Life Membership India 2500/-, Abroad 25000/-

## ਗੁਰ ਕਲਗੀਧਰ ਕਮਾਲ

❖ ਭਾਈ ਸਾਹਿਬ ਭਾਈ ਵੀਰ ਸਿੰਘ

ਗੁਰ ਨਾਨਕ ਕਮਾਲ ਸੀ- 'ਪਵਿਤ੍ਰ ਰਹਿਣਾ' ਤੇ 'ਅੰਦਰਲੇ ਨੂੰ ਲਗਾਤਾਰ ਅਨੰਤ ਦੇ ਲਗਾਉ ਵਿਚ ਰੱਖਣਾ' ਤੇ ਇਸ ਤਰ੍ਹਾਂ ਰਹਿੰਦੇ ਹੋਏ ਵਿਸ਼ੇਸ਼ ਕਰਕੇ ਜੀਵਨ ਗ੍ਰਿਹਸਤੀ ਰਖਣਾ। ਗ੍ਰਿਹਸਤ ਦੇ ਸਾਰੇ ਪਹਿਲੂਆਂ ਵਿਚ ਸਾਰੇ ਸਤਿਗੁਰ ਇਹ 'ਅਨੰਤ ਵਿਚ ਨਿਰੰਤਰ ਲਗਾਉ' ਸਿਖਾਉਂਦੇ ਰਹੇ ਤੇ ਲੁਆਉਂਦੇ ਰਹੇ। ਦਸਾਂ ਪਾਤਸ਼ਾਹੀਆਂ ਦੇ ਮਨੋਰਥ 'ਮਨ ਦੇ ਤੇ ਜ਼ਿੰਦਗੀ ਦੇ ਇਕ ਤੁਲਵੇਂ' ਤੋਲ ਦੇ ਘਰ ਟਿਕਵੀ ਇਕ-ਸੂਰਤਾ ਦੇ ਅਮਲੀ ਆਦਮੀ ਪੈਦਾ ਕਰਨ ਦੇ ਸਨ। ਹੁਣ ਵਕਤ ਆਇਆ ਸੰਸਾਰ ਵਿਚ ਸਭ ਤੋਂ ਕਠਨ ਤੇ ਭਿਆਨਕ ਕੰਮ-ਜੰਗ ਦਾ। ਇਨ੍ਹਾਂ ਗ੍ਰਿਹਸਤੀਆਂ ਨੂੰ ਜੰਗ ਕਰਨੇ ਹੀ ਪੈ ਗਏ। ਚਾਹੇ ਓਹ ਆਪ ਨਾ ਚਾਹੁਣ ਵਾਲੇ ਸੇ, ਪਰ ਸਮੇਂ ਦੇ ਅਨਜਾਯ ਤੇ ਧੱਕੇ ਨੇ ਉਹਨਾਂ ਦੇ ਗਲ ਜੰਗ ਮੜ੍ਹ ਦਿਤੇ ਤੇ ਉਹਨਾਂ ਨੂੰ ਸ੍ਵੈਰਖਿਆ ਲਈ ਯਾ ਦੀਨਾਂ ਦੀ ਰਖਿਆ ਲਈ ਜੰਗ ਕਰਨੇ ਪੈ ਗਏ। ਜੰਗ ਕਲਗੀਧਰ ਜੀ ਨਿਉਤੇ ਨਹੀਂ, ਪਰ ਸਮੇਂ ਦੇ ਜ਼ੁਲਮ ਤੋਂ ਮਜ਼ਲੂਮਾਂ ਦੀ ਰੱਖਿਆ ਲਈ ਘਰ ਆ ਗਏ ਜੰਗ ਦੀ ਪ੍ਰਾਹੁਣਾਚਾਰੀ ਕੀਤੀ ਹੈ। ਜੰਗ ਦੇ 'ਹਿਲਾਉ ਪ੍ਰਯਤਨ ਤੇ ਪ੍ਰੀਵਰਤਨ' ਵਾਲੇ ਸਮੇਂ ਭੀ ਅੰਦਰਲੇ ਦਾ ਲਗਾਉ ਅਨੰਤ ਵਲ ਲਗਾ ਰਹੇ, ਇਹ 'ਕਲਗੀਧਰ ਕਮਾਲ' ਹੈ।

ਅਮਨ ਨਾਲ ਰਾਜ ਕਰਦਿਆਂ ਜਿਸ ਤਰ੍ਹਾਂ ਜਨਕ ਸੀ, ਵਿਹਾਰ ਕਾਰ ਕਰਦਿਆਂ ਜਿਕੂੰ ਨਰਸੀ, ਕਮਾਮ ਕਰਦਿਆਂ ਜਿਕੂੰ ਕਬੀਰ ਤੇ ਨਾਮਾ ਸੀ, ਖੇਤੀ ਕਰਦਿਆਂ ਜਿਕੂੰ ਧੰਨਾ ਸੀ, ਤਿੱਕੂੰ ਦਿਲ ਦਾ ਰੁਖ ਸਾਂਈਂ ਵਲ ਰਖਣ ਦੇ ਉੱਚੇ ਉੱਚੇ ਨਮੂਨੇ ਸਿਖਾਂ ਵਿਚ ਹਰ ਪੇਸ਼ੇ ਦੇ ਆਦਮੀਆਂ ਦੇ ਆਮ ਸਨ। ਜੰਗ ਵਿਚ ਧਰਮ ਨਿਭੇ, ਏਸ ਗੱਲ ਦੀ ਨੀਂਹ ਛੇਵੇਂ ਸਤਿਗੁਰਾਂ ਨੇ ਧਰੀ ਤੇ ਇਹ ਗੱਲ ਅਟੱਲ ਮੁਸ਼ਕਲ ਦੀ ਸ਼ਕਲ ਵਿਚ ਕਲਗੀਆਂ ਵਾਲੇ ਦੇ ਸਾਹਮਣੇ ਆਈ। ਓਹਨਾਂ ਨੇ ਕੌਮ ਨੂੰ ਸ੍ਰੀ ਗੁਰੂ ਅਰਜਨ ਦੇਵ ਤੇ ਸ੍ਰੀ ਗੁਰੂ ਤੇਗ ਬਹਾਦਰ ਵਾਲਾ ਆਦਰਸ਼- ਮੌਤ ਨੂੰ ਮਖੌਲ ਕਰਨ ਵਾਲਾ- ਪੇਸ਼ ਕੀਤਾ, ਪੰਜ ਨਿਤਰੇ, ਪੰਜਾਂ ਦੀ ਕੌਮ ਬਣਾਈ, ਜਿਨ੍ਹਾਂ ਵਿਚ ਤੀਜੇ ਚੌਥੇ ਸਤਿਗੁਰਾਂ ਦਾ, ਜੀ ਉਠਿਆਂ ਦਾ, ਜੁਦਾ ਭਾਈਚਾਰਾ ਹੋਣ ਦਾ ਆਦਰਸ਼ ਪਾ ਕੇ ਵਹਿਮੀ ਮਤਾਂ ਤੋਂ ਉਕਾ ਤੋੜ ਲਿਆ। ਕਿਸੇ ਵਡਿੱਤ ਦੇ ਵਹਿਮ ਯਾ ਸੂਗ ਤੋਂ ਨਹੀਂ, ਪਰ ਜਥੇਬੰਦ ਕਰਨ ਲਈ ਹੁਣ ਦੱਸਿਆ ਕਿ ਅਨੰਤ ਦੇ ਲਗਾਉ ਵਿਚ ਜੋ ਸੁਰਤ ਸਾਈਂ ਵਲ ਰਹਿੰਦੀ ਹੈ ਉਹ ਇਕ ਖੁਸ਼ੀ ਹੈ "ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥" ਉਹ ਚੜ੍ਹਦੀ ਅਵਸਥਾ ਹੈ, ਉਹ ਰੂਹ ਦਾ ਖੇੜਾ ਹੈ, ਉਹ ਰਸ ਹੈ, ਉਸ ਲਈ ਭੈ ਅਤੇ ਭਰਮ ਕੁਛ ਚੀਜ਼ ਨਹੀਂ। ਜਿਸ ਦੇ ਅੰਦਰ ਮੌਲਾ ਹੈ, ਉਸਦੀ ਗਰਦਨ ਝੂਠੇ ਅਗੇ ਨਹੀਂ ਝੁਕੇਗੀ। ਜਿਸ ਦੇ ਅੰਦਰ 'ਨਾਨਕ ਦਾ ਸੱਚ ਤੇ ਸੱਚਾ ਰਬ' ਹੈ ਉਹ ਜ਼ਾਲਮ ਕਮੀਨੇ ਅਗੇ ਨਹੀਂ ਨਿਵੇਂਗਾ। ਰੂਹਾਨੀ ਔਜ ਜਿਸ ਦਾ ਹੋ ਚੁਕਾ ਹੈ, ਉਹ ਇਕ ਸ਼ਕਤੀ ਹੈ, ਇਕ ਉੱਚ ਆਚਰਣ ਹੈ, ਇਕ ਤਾਕਤ ਹੈ, ਉਹ 'ਜੋਧ ਮਹਾਂ ਬਲ ਸੂਰ' ਹੈ, ਉਹ ਆਤਮ ਬਲ ਹੈ, ਆਪੇ ਦਾ ਕੇਂਦਰੀ ਸਾਹਸ ਹੈ। ਇਉਂ ਸਤਿਗੁਰਾਂ ਨੇ ਫ਼ਕੀਰਾਂ ਨੂੰ ਫ਼ਕੀਰੀ ਦੇ ਨੁਕਤੇ ਤੋਂ ਦਸਿਆ ਕਿ ਰਣ-ਤੱਤੇ ਵਿਚ ਭੀ ਲਿਵ ਨਾ ਟੁੱਟੇ ਪਰ ਨਾ ਟੁੱਟੇ।

### ਇਨਸਾਨੀ ਪਿਆਰ ਦਾ ਸੋਮਾਂ-ਦੁੱਖ

ਦੁੱਖ ਵੇਲੇ ਹੀ ਮਨ ਨਰਮੀ ਖਾਂਦਾ ਹੈ, ਦੁੱਖ ਵੇਲੇ ਹੀ ਲੋਕੀ ਇਸ ਨਾਲ ਹਮਦਰਦੀ ਕਰਦੇ ਹਨ, ਦੁੱਖ ਹੀ ਹੈ ਜੋ ਇਨਸਾਨ ਨੂੰ ਇਨਸਾਨ ਨਾਲ ਪਯਾਰ ਕਰਵਾਉਂਦਾ ਹੈ। ਤੇ ਦੁੱਖ ਹੀ ਅੰਤ ਇਸ ਅੰਧ ਪਸ਼ੂ ਨੂੰ, ਜਿਸ ਨੂੰ ਮਾਨੁੱਖ ਕਹੀਦਾ ਹੈ, ਵੈਰਾਗ ਦੇ ਸੁਰਮੇ ਨਾਲ ਅਗਜਾਨ ਦੇ ਛੱਪਰਾਂ ਦੇ ਢੈਹਣ ਦਾ ਅਵਸਰ ਦੇਂਦਾ ਹੈ, ਤੇ ਭਗਤੀ ਵਲ ਪ੍ਰੇਰਦਾ ਹੈ ਤੇ ਭਗਤੀ ਕਰਨੇ ਨਾਲ ਅਬਨਾਸ਼ੀ ਖੇਮ ਦਾ ਪਤਾ ਲਗਦਾ ਹੈ। ਤੁਸਾਂ ਕਦੇ ਡਿੱਠਾ ਹੈ ਕਿ ਸੁਖੀ ਤੇ ਪੈਸੇ ਵਾਲੇ ਖ਼ੁਸ਼ੀ ਵਿਚ ਮਸਤ ਲੋਕ ਆਪੇ ਵਿਚ ਹਮਦਰਦੀ, ਦਇਆ, ਪਿਆਰ, ਕੁਰਬਾਨੀ ਕਰ ਰਹੇ ਹਨ, ਇਨ੍ਹਾਂ ਚੀਜ਼ਾਂ ਦੀ ਲੋੜ ਹੀ ਨਹੀਂ ਹੁੰਦੀ ਉਥੇ। ਤਾਂਤੇ, ਚੰਗੀਆਂ ਖ਼ੂਬੀਆਂ ਉਥੇ ਹੀ ਪ੍ਰਕਾਸ਼ ਪਾ ਰਹੀਆਂ ਹਨ ਜਿਥੇ ਕਿ ਪੀੜਾ ਤੇ ਦੁੱਖ ਸਹਾਰਨ ਦੇ ਸਮੇਂ ਵਾਪਰਦੇ ਹਨ, ਹਮਦਰਦੀ ਦੇਣੀ ਤੇ ਲੈਣੀ, ਪਿਆਰ ਕਰਨਾ ਤੇ ਕਰਾਉਣਾ ਉਥੇ ਹੀ ਹੋ ਰਿਹਾ ਹੈ।

ਅੰਦਰ

- ਸਫ਼ਦਰ-ਏ-ਕੌਮ ਸ਼ਹੀਦ ਬਾਬਾ ਦੀਪ ਸਿੰਘ ਜੀ 3
- ਪੁਸਤਕ ਪੜਚੋਲ: ਡਾ. ਗੰਡਾ ਸਿੰਘ: ਇਤਿਹਾਸਕਾਰ ਤੇ... 5
- The Panjab's Struggle for Freedom through the Ages 7
- ਸੌ ਸਾਲ ਪਹਿਲਾਂ: ਜੇਹਲਮ ਵਿੱਚ ਸ਼ੁੱਧੀ... 10
- ਸ਼ਬਦ ਵਿਆਖਿਆ 11
- ਰਿਪੋਰਟ: **ਸਿੱਖਸ ਇਨ ਕਾਨਟੀਨੈਂਟਲ ਯੂਰੋਪ** ਤੇ ਚਰਚਾ 12

ਹੁਣ ਜਦੋਂ ਕਿਸੇ ਸੁਭਾਗ ਦਾ ਮਨ ਦੁੱਖਾਂ ਤੋਂ ਉੱਚਾ ਉੱਠਦਾ ਹੈ ਤੇ ਇਸ ਦੁੱਖਾਂ ਵਾਲੇ ਜਗਤ ਵਿਚ ਅਬਿਨਾਸ਼ੀ ਖੇਮ ਦੀ ਚਾਹਨਾ ਕਰਦਾ ਹੈ ਤਾਂ ਉਸ ਨੂੰ ਆਪਣੀ ਤਲਾਸ਼ ਵਿਚ ਇਹ ਨੁਸਖਾ ਮਿਲਦਾ ਹੈ:-

**ਅਬਿਨਾਸ਼ੀ ਖੇਮ ਚਾਹਹਿ ਜੇ ਨਾਨਕ**
**ਸਦਾ ਸਿਮਰਿ ਨਾਰਾਇਣ॥** (ਟੋਡੀ: ਮ: ੫, ਅੰਗ ੭੧੪)

ਸੋ ਦੁੱਖਾਂ ਵਿਹੜਤ ਜਗਤ ਵਿਚ, ਪਸ਼ੂ ਬ੍ਰਿਤੀ ਵਾਲੇ ਇਨਸਾਨਾਂ ਦੇ ਮੰਡਲ  ਵਿਚ ਵੀਚਾਰ ਸਾਨੂੰ ਕਿਥੇ ਲੈ ਗਈ?

ਅਵਿਨਾਸ਼ੀ ਖੇਮ ਦੀ ਮੰਗ ਵਿਚ ਤੇ ਸਾਨੂੰ ਰਾਹ ਲੱਝਾ।

**'ਸਦਾ ਸਿਮਰਿ ਨਾਰਾਇਣ॥'**

ਜੋ ਇਸ ਆਹਰੇ ਲਗ ਗਏ ਉਨ੍ਹਾਂ ਦੇ ਅੰਦਰ ਜੋ ਸੰਕਲਪਾਂ, ਆਸਾਂ, ਅੰਦੇਸਿਆਂ ਤੇ ਤ੍ਰਿਸ਼ਨਾ ਦੀ ਲਹਿਰ ਪਛਾੜ ਹੋ ਰਹੀ ਸੀ ਉਸ ਵਿਚ ਸਾਈਂ ਨਾਮ ਦੀ ਇਕ ਨਾਉਕਾ ਤਰਨ ਲਗ ਪੈਂਦੀ ਹੈ। ਇਸ ਉਤੇ ਟਿਕਾਉ ਮਿਲਦਾ ਹੈ ਤੇ ਤ੍ਰੰਗਾਂ ਵਿਚ ਰੁੜ੍ਹਨ ਵਾਲਾ ਮਨ ਬੇੜੀ ਦੀ ਸਲਾਮਤੀ ਵਿਚ ਬੈਠ ਜਾਂਦਾ ਹੈ।

**ਨਦੀ ਤਰੰਦੜੀ ਮੈਡਾ ਖੋਜੁ ਨ ਖੁੰਭੈ ਮੰਝਿ ਮੁਹਬਤਿ ਤੇਰੀ॥**
**ਤਉ ਸਹ ਚਰਣੀ ਮੈਡਾ ਹੀਅੜਾ ਸੀਤਮੁ**
**ਹਰਿ ਨਾਨਕ ਤੁਲਹਾ ਬੇੜੀ॥** (ਗੂਜ: ਵਾਰ: ਮ: ੫, ਅੰਗ ੫੨੦)

ਇਸ ਬੇੜੀ ਤੇ ਚੜ੍ਹ ਕੇ ਸਲਾਮਤੀ ਦੇ ਘਰ ਬੈਠ ਜਾਈਦਾ ਹੈ। ਰੁੜ੍ਹਦੇ ਰਹਿਣੋਂ ਬਚ ਜਾਈਦਾ ਹੈ ਤੇ ਅੰਤ ਪਾਰ ਲੰਘ ਜਾਈਦਾ ਹੈ।

## ਹੁਣ ਨਾ ਨਿੱਖੜਨਾ

ਖ਼ਾਲਸਾ ਜੀਓ! ਜੇ ਤੁਸੀਂ ਕਿਣਕੇ ਹੋ ਤਦ ਜੰਮ ਜਾਓ, ਤਾਂ ਜੋ ਉੱਚਾ ਪਹਾੜ ਨਜ਼ਰ ਆ ਜਾਓ, ਜੇ ਬੂੰਦ ਹੋ ਤਦ ਮਿਲ ਜਾਓ ਕਿ ਦਰਯਾ ਦਿੱਸਣ ਲਗ ਪਓ! ਜੇ ਤੰਦ ਹੋ ਤਦ ਮਿਲ ਜਾਓ ਕਿ ਹਾਥੀ ਤੋਂ  ਨਾ ਟੁਟਣ ਵਾਲਾ ਰੱਸਾ ਬਣ ਜਾਓ। ਜੇ ਤਾਰੇ ਹੋ ਤਦ ਇਕ ਪ੍ਰਬੰਧ ਵਿਚ ਹੋ ਇੰਵ ਚਮਕੋ ਕਿ ਕਾਲੀ ਬੋਲੀ ਰਾਤ ਜਗਮਗਾ ਉਠੇ। ਤੁਹਾਡੇ ਪੈਰਾਂ ਦੇ ਨਿਸ਼ਾਨ ਜੰਮੇ ਹੋਏ ਦਿੱਸਣ ਤੇ ਤੁਹਾਡਾ ਬੋਲ-ਬਾਲਾ ਹੋਵੇ। ਖਿੰਡੇ ਪੁੰਡੇ ਜੇ ਤੁਸੀਂ ਅੱਖਰ ਹੋ ਤਦ ਅਰਥ ਲਿਖਣ ਵਾਲੀ ਲਿਖਤ ਬਣ ਜਾਓ, ਜੇ ਟੁਟੀਆਂ ਹੋਈਆਂ ਸੰਗਲੀਆਂ ਹੋ ਤਦ ਜ਼ੰਜ਼ੀਰ ਬਣ ਜਾਓ, ਬਰਬਾਦੀ ਦੇ ਚਿਨ੍ਹਾਂ ਨੂੰ ਆਬਾਦੀ ਵਿਚ ਬਦਲ ਦੇਵੋ। ਬੇਪਤੀ ਨੂੰ ਪਤ ਵਿਚ ਬਦਲੋ, ਖੋਟੀ ਧਾਤ ਨੂੰ ਅਕਸੀਰ ਬਣਾ ਲਓ, ਤੁਸੀਂ ਨੇਕਨਾਮ ਤੇ ਉੱਚੀ ਸ਼ਾਨ ਵਾਲੀ ਕੌਮ ਦੇ ਨਾਮ-ਲੇਵਾ ਹੋ, ਉਠੋ ਜਿਹੜਾ ਤੁਹਾਡੇ ਜ਼ਿੰਮੇ ਕੌਮੀ ਫਰਜ਼ ਹੈ ਉਸ ਨੂੰ ਪਛਾਣੋ ਤੇ ਜਾਗੋ! ਵਾਹਿਗੁਰੂ ਦਾ ਹੁਕਮ ਪਛਾਣ ਕੇ ਉਠੋ, ਹੌਂਸਲੇ ਤੇ ਧੀਰਜ ਨਾਲ ਉਠੋ, ਦ੍ਰਿੜ ਸੰਕਲਪ ਧਾਰ ਕੇ ਉਠੋ ਤੇ ਦਿਲ ਦੇ ਵਿਚ ਕੌਮ ਦੀ ਵਿਗੜੀ ਦਸ਼ਾ ਬਦਲਣ ਦਾ ਪ੍ਰਣ ਧਾਰਕੇ ਉਠੋ। ਖ਼ਤਰੇ ਦੇ ਚੜ੍ਹਦੇ ਦਰਯਾ ਤੋਂ ਨਾ ਡਰਨਾ, ਮੁਸ਼ਕਲਾਂ ਦੀਆਂ ਮੌਜਾਂ ਦੇ ਥਪੇੜਿਆਂ ਤੋਂ ਨਾ ਘਬਰਾਣਾ, ਤੁਸਾਂ ਜ਼ਮਾਨੇ ਦੇ ਨਾਲ ਜੰਗ ਕਰਨਾ ਹੈ, ਹਰ ਲੱਗਣ ਵਾਲੀ ਚੋਟ ਦੇ ਹੇਠਾਂ ਨਹੀਂ ਦੱਬਣਾ, ਬਲਕਿ ਉਤਾਹਾਂ ਨੂੰ ਉਠਣਾ ਹੈ। ਜੇ ਕੌਮੀ ਗ਼ੈਰਤ ਨੇ ਤੁਹਾਡੇ ਵਿਚ ਜੋਸ਼ ਆਂਦਾ ਹੈ ਪਿਆਰ ਨਾਲ ਇਕ ਹੋਏ ਹੋ, ਤਦ ਹੁਣ ਨਾ ਨਿੱਖੜਨਾ ਤੇ ਜੁੜ ਕੇ ਜਗਤ ਵਿਚ ਸੁਖ ਤੇ ਪਿਆਰ ਵਧਾਉਣਾ, ਜਿਸ ਲਈ ਸਤਿਗੁਰਾਂ ਨੇ ਤੁਹਾਨੂੰ ਸਾਜਿਆ ਸੀ।

## ਕਲ਼ਗੀਧਰ ਰੂਪ ਮੋਹਿਆ ਦਿਲ

ਨ ਪਰਚੇਗਾ ਏ ਦਿਲ ਮੇਰਾ ਨ ਲੱਗੇਗਾ ਕਿਸੇ ਕਾਰੇ,
ਨ ਭੁੱਲੇਗਾ ਫਬਨ ਬਾਂਕੀ ਨ ਵਿਸਰੂ ਰੂਪ ਓ ਨਜਾਰੇ
ਜੁ ਤੱਕੇ ਰਾਤ ਭਿੰਨੀ ਨੂੰ ਜੁ ਨੈਣੀਂ ਅਰਸ਼ ਤੋਂ ਆਏ,
ਜੁ ਨੈਣੋਂ ਕਾਲਜੇ ਲੱਥੇ, ਤੇ ਲੂੰ ਲੂੰ ਜਾ ਵਸੇ ਪਜਾਰੇ,
ਜੁ ਛੇੜਨ ਲਹਿਰ ਪਜਾਰਾਂ ਦੀ ਪਰੀਤਾਂ ਦੀ ਖਿਰਨ ਛੇੜਨ,
ਜੁ ਮਾਰਨ ਖਿੱਚ ਕਟਾਕਾਂ ਦੀ ਹਿਲੋਰੇ ਦੇਣ ਹਿਤ ਵਾਰ,
ਕਸਕ ਮਾਰਨ ਓ ਦਰਦਾਂ ਦੀ, ਓ ਲੱਗੇ ਦਰਦ ਹੈ ਪਜਾਰੀ,
ਰਖੇ ਘਾਇਲ ਕਲੇਜੇ ਨੂੰ ਸੁਖਾਂ ਦੀ ਚੀਸ ਫਿਰ ਮਾਰੇ;
ਓ ਨੈਣੀ ਨੀਰ ਭਰ ਲਜਾਵਨ ਉਛਾਲਣ ਵਲਵਲੇ ਦੇ ਦੇ
ਓ ਲੂੰ ਕੰਡੇ ਕਰੀ ਰੱਖਣ ਤੇ ਗਦ ਗਦ ਕੰਠ ਦਿਲਹਾਰੇ;
ਓ ਭੁੱਲਣ ਰੂਪ ਕਦ ਬਾਂਕੇ ਓ ਉਹਲੇ ਹੋਣ ਕਦ ਪਜਾਰੇ
ਓ ਰੱਖਣ ਖਿੱਚ ਆਪਣੇ ਵਿਚ ਤੈ ਦੇਂਦੇ ਪਜਾਰ ਦੀਦਾਰੇ;
ਓ ਕਲਗੀ ਨੋਕ ਚੁਭਦੀ ਹੈ, ਕਲੇਜੇ ਕਸਕਦੀ ਧਸਦੀ
ਕਿਵੇਂ ਭੁੱਲੇ ਕੁਈ ਉਸਨੂੰ, ਤੇ ਪਰਚੇ ਲੋਕ ਪਰਚਾਰੇ!
ਨ ਪਰਚਾਵੋ ਅਸਾਂ ਤਾਈਂ ਨ ਪਰਚਾਵੋ ਨ ਪਰਚਾਵੋ,
ਨ ਪਰਚੇਗਾ ਏ ਦਿਲ ਮੇਰਾ ਨ ਲੱਗੇਗਾ ਕਿਸੇ ਕਾਰੇ।

-**ਕੰਬਦੀ ਕਲਾਈ,** ਭਾਗ-1

## ਗੁਰੂ ਸਾਹਿਬਾਂ ਦਾ ਮਹਾਨ ਸਬਕ

ਗੁਰੂ ਜੀ ਦੇ ਜੁੱਧ ਸਾਡੇ ਲਈ ਸਨ। ਔਰੰਗਜ਼ੇਬ ਇਸ ਤਾਕਤ ਨੂੰ ਕੁਚਲਨਾ ਚਾਹੁੰਦਾ ਸੀ। ਨਾਵੇਂ ਪਾਤਸ਼ਾਹ ਦੀ ਸ਼ਹਾਦਤ ਦਾ ਕਾਰਨ ਹੀ ਇਹ ਸੀ ਕਿ ਔਰੰਗਜ਼ੇਬ ਸਾਰੇ ਹਿੰਦ ਨੂੰ ਮੁਸਲਮਾਨ ਕਰਨਾ ਚਾਹੁੰਦਾ ਸੀ। ਗੁਰੂ ਜੀ ਦੀ ਹਸਤੀ ਤੇ ਉਹਨਾਂ ਦਾ ਕੰਮ ਉਸ ਦੇ ਰਸਤੇ ਵਿਚ ਰੋਕ ਸੀ। ਉਸ ਦੇ ਅਹਿਲਕਾਰ ਉਸ ਨੂੰ ਲਿਖਦੇ ਸੇ ਕਿ ਸਿਖ ਗੁਰੂ ਦਾ ਆਸਰਾ ਸਿੱਖਾਂ ਹਿੰਦੂਆਂ ਤੇ ਬ੍ਰਾਹਮਣਾਂ ਨੂੰ ਸਹਾਇਕ ਹੋ ਰਿਹਾ ਹੈ ਤੇ ਸਾਡੇ ਕੰਮ ਨੂੰ ਰੋਕ ਪਾ ਰਿਹਾ ਹੈ। ਜੇ ਏਹ ਗੁਰੂ ਇਸਲਾਮ ਕਬੂਲ ਲੈਣ ਤਾਂ ਫੇਰ ਕੋਈ ਅਟਕ ਨਾ ਪਵੇਗੀ। ਕਸ਼ਮੀਰੀ ਪੰਡਿਤਾਂ ਵਾਲੀ ਗੱਲ ਵੀ ਉਸ ਨੂੰ ਘੱਲੀ ਗਈ ਸੀ। ਇਸੇ ਕਰ ਕੇ ਨਾਵੇਂ ਗੁਰੂ ਸਾਹਿਬਾਂ ਨੂੰ ਦੀਨ ਕਬੂਲਣ ਦੀ ਪ੍ਰੇਰਨਾ ਹੋਈ। ਜਿਸ ਤੋਂ ਇਨਕਾਰ ਕਰਨ ਤੇ ਉਹ ਸ਼ਹੀਦ ਕੀਤੇ ਗਏ। ਉਹਨਾਂ ਨੂੰ ਮਾਰ ਦੇਣ ਤੋਂ ਮੁਰਾਦ ਇਸਲਾਮ ਪ੍ਰਚਾਰ ਦੀ ਰੋਕ ਨੂੰ ਦੂਰ ਕਰਨਾ ਸੀ। ਪਰ ਅਸਰ ਉਲਟਾ ਹੋਇਆ। ਸਿਖਾਂ ਤੇ ਆਮ ਹਿੰਦੂਆਂ ਵਿਚ ਬਲ ਭਰ ਗਿਆ ਕਿ ਧਰਮ ਹਾਰਨ ਨਾਲੋਂ ਮਰਨਾ ਭਲਾ ਹੈ। ਇਸੀ ਤਰ੍ਹਾਂ ਜੰਗ ਭੰਗਾਣੀ ਦਾ ਫਲ ਹੋਇਆ ਕਿ ਸਿਖਾਂ, ਸਹਿਜਧਾਰੀਆਂ ਤੇ ਹਿੰਦੂਆਂ ਵਿਚ ਜਾਨ ਪੈ ਗਈ ਕਿ ਇਡੇ ਬਲੀ ਪਾਤਸ਼ਾਹ ਦੇ ਇਸ਼ਾਰੇ ਤੇ ਵਡੇ ਰਾਜਿਆਂ ਦੀ ਤਾਕਤ ਤੇ ਸੂਰਮੇ ਪਠਾਣਾਂ ਦੇ ਟਾਕਰੇ ਤੇ ਅਸੀਂ ਹਿੰਦ ਵਾਸੀ ਜੀਤ ਪਾ ਸਕਦੇ ਹਾਂ। ਜ਼ਾਲਮ ਜਦ ਕਿਸੇ ਸਤਜ ਨੂੰ ਕੁਚਲਣ ਦੀ ਠਾਨਦਾ ਹੈ ਤਾਂ ਅਕਸਰ ਉਲਟਾ ਅਸਰ ਹੁੰਦਾ ਹੈ। ਸੱਚ ਉਤੇ ਟਿਕਣ ਤੇ ਹੱਠ ਧਾਰਣ ਵਾਲੇ ਸ਼ਹਾਦਤਾਂ ਪਾ ਕੇ ਸਰਬ ਸਾਧਾਰਣ ਵਿਚ ਜਾਨ ਭਰ ਦਿੰਦੇ ਹਨ ਸਗੋਂ ਨਿਤਾਣੇ ਤੇ ਕਮਜ਼ੋਰ ਵੀ ਬਲ ਭਰ ਆਉਂਦੇ ਹਨ। ਸੋ ਸੱਚ ਉਤੇ ਤੁਲੇ ਰਹੋ ਤੇ ਜਾਨ ਦੀ ਪ੍ਰਵਾਹ ਨਾ ਕਰੋ। ਇਹ ਸੀ ਸਬਕ ਜੋ ਸਾਰੇ ਸਮਿਆਂ ਲਈ ਗੁਰੂ ਜੀ ਨੇ ਸਾਡੇ ਵਿਚ ਭਰ ਦਿਤਾ।


**- ਗੁਰਮੁਖ ਸੰਦੇਸ਼**

# ਸਫ਼ਦਰ-ਏ-ਕੌਮ ਸ਼ਹੀਦ ਬਾਬਾ ਦੀਪ ਸਿੰਘ ਜੀ

❖ ਸਰਬਜੀਤ ਕੌਰ*

ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਆਮ ਲੋਕਾਈ ਨੂੰ ਸਿੰਘ ਸੂਰਮੇ ਬਣਾ ਦਿੱਤਾ ਤੇ ਉਨ੍ਹਾਂ ਦੇ ਸੁਭਾਅ ਵਿਚ ਇਕ ਅਜਿਹਾ ਜੋਸ਼ ਭਰ ਦਿੱਤਾ ਜੋ ਆਪਾ ਵਾਰਨ ਲਈ ਸਦੈਵ ਤਿਆਰ-ਬਰ-ਤਿਆਰ ਹੋ ਜਾਂਦੇ । ਸਿੱਖ ਸਾਹਿਤ ਦਾ ਇਤਿਹਾਸਕ ਵਿਸ਼ਲੇਸ਼ਣ ਨਿਸ਼ਚੇ ਹੀ ਸਿੱਖ ਇਤਿਹਾਸ ਦਾ ਸੰਯੁਕਤ ਅਤੇ ਅਨੁਰੂਪਤਾ ਭਰਿਆ ਚਿੱਤਰ ਪੇਸ਼ ਕਰਦਾ ਹੈ ਜਿਸ ਨਾਲ ਜਜ਼ਬੇ ਨੂੰ ਉਬਾਲ ਮਿਲਦਾ ਹੈ ।ਇਹ ਕਹਿਣਾ ਵੀ ਠੀਕ ਰਹੇਗਾ ਕਿ ਸਿੱਖ ਸਾਹਿਤ ਦਾ ਵੱਡਾ ਸਰੂਪ ਸਿੱਖ ਇਤਿਹਾਸ ਦੇ ਭਿੰਨ-ਭਿੰਨ ਪਹਿਲੂਆਂ ਦੀ ਉਪਜ ਹੈ। ਇਨ੍ਹਾਂ ਇਤਿਹਾਸਿਕ ਪੰਨਿਆ 'ਤੇ ਬਾਬਾ ਦੀਪ ਸਿੰਘ ਜੀ ਦਾ ਨਾਮ ਸੁਨਹਿਰੀ ਹਰਫ਼ਾਂ ਵਿਚ ਲਿਖਿਆ ਗਿਆ ਹੈ । ਬਾਬਾ ਦੀਪ ਸਿੰਘ ਇਕ ਯੋਧੇ ਦੇ ਨਾਲ-ਨਾਲ ਇਕ ਕਾਤਿਬ ਵੀ ਸਨ ਜਿਨ੍ਹਾਂ ਨੇ 1783 ਬਿਕ੍ਰਮੀ ਨੂੰ ਅਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਉਤਾਰੇ ਕੀਤੇ। ਇਹ ਉਤਾਰੇ ਚਾਰੇ ਤਖ਼ਤਾਂ ਤੇ ਸੁਸ਼ੋਭਿਤ ਹਨ ਅਕਾਲ ਤਖ਼ਤ ਅੰਮ੍ਰਿਤਸਰ, ਪਟਨਾ ਸਾਹਿਬ, ਅਨੰਦਪੁਰ ਸਾਹਿਬ, ਤੇ ਦਮਦਮਾ ਸਾਹਿਬ। (ਤਵਾਰੀਖ ਗੁਰੂ ਖਾਲਸਾ, ਭਾਗ-1 ਪੰਨਾ 262)

ਬਾਬਾ ਦੀਪ ਸਿੰਘ ਜੀ ਸ਼ਹੀਦ ਸਿੱਖ ਕੌਮ ਦੇ ਅਜਿਹੇ ਵੀਰ ਯੋਧੇ ਸਨ ਜਿਨ੍ਹਾਂ ਨੇ ਸਿਰ ਧੜ ਤੋਂ ਅਲੱਗ ਹੋਣ ਦੇ ਬਾਵਜੂਦ ਵੀ ਅੰਦਰੂਨੀ ਕੁੱਵਤ (ਸ਼ਕਤੀ) ਨਾਲ ਲੜ ਕੇ ਸ਼ਹੀਦੀ ਪ੍ਰਾਪਤ ਕੀਤੀ ਤੇ ਇਸ ਇਤਿਹਾਸਕ ਘਟਨਾ ਨੇ ਉਨ੍ਹਾਂ ਦੇ ਨਾਮ ਨਾਲ ਸ਼ਹੀਦ ਸ਼ਬਦ ਜੋੜ ਦਿੱਤਾ ਤੇ ਅੱਜ ਉਨ੍ਹਾਂ ਨੂੰ ਬਾਬਾ ਦੀਪ ਸਿੰਘ ਸ਼ਹੀਦ ਜੀ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। "ਸਿੱਖਾਂ ਦੀਆਂ ਬਾਰਾਂ ਮਿਸਲਾਂ ਵਿਚੋਂ ਸ਼ਹੀਦਾਂ ਦੀ ਮਿਸਲ ਦੇ ਬਾਨੀ ਬਾਬਾ ਦੀਪ ਸਿੰਘ ਜੀ ਸ਼ਹੀਦ ਦਾ ਜਨਮ 1682 ਈ: ਵਿਚ ਪੋਹੂਵਿੰਡ ਪਰਗਨਾ ਸ੍ਰੀ ਅੰਮ੍ਰਿਤਸਰ ਵਿਖੇ ਹੋਇਆ । ਜੁਆਨ ਅਵਸਥਾ ਵਿਚ ਬਾਬਾ ਜੀ ਨੇ ਖੰਡੇ-ਬਾਟੇ ਦਾ ਅੰਮ੍ਰਿਤ ਛਕਿਆ ਅਤੇ ਅਨੰਦਪੁਰ ਸਾਹਿਬ ਵਿਖੇ ਦਸਵੇਂ ਪਾਤਸ਼ਾਹ ਜੀ ਦੀ ਸੇਵਾ ਵਿਚ ਹੀ ਰਹਿਣ ਲੱਗੇ । ਜਥੇਦਾਰ ਬਾਬਾ ਬੁੱਢਾ ਜੀ ਵੀ ਆਪ ਜੀ ਦੇ ਸਾਥੀ ਸਨ । ਬਾਬਾ ਦੀਪ ਸਿੰਘ ਜੀ ਇਕ ਉੱਚ ਕੋਟੀ ਦੇ ਵਿਦਵਾਨ, ਨਾਮ-ਅਭਿਆਸੀ, ਕੁਰਬਾਨੀ ਦੇ ਪੁੰਜ, ਧਰਮੀ ਸੂਰਬੀਰ, ਸਿੱਖ ਪੰਥ ਦੇ ਅਣਖੀਲੇ ਜਥੇਦਾਰ ਸਨ ਜਿਨ੍ਹਾਂ ਨੇ ਗੁਰੂ ਦੇ ਹੁਕਮ ਵਿਚ ਰਹਿ ਕੇ ਕੌਮ ਦੀ ਰੱਖਿਆ ਕੀਤੀ । ਜਿਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਦੱਖਣ ਦੀ ਯਾਤਰਾ 'ਤੇ ਗਏ ਤਾਂ ਬਾਬਾ ਦੀਪ ਸਿੰਘ ਜੀ ਤੇ ਬਾਬਾ ਬੁੱਢਾ ਜੀ ਦੀ ਡਿਊਟੀ ਦਮਦਮਾ ਸਹਿਬ ਵਿਖੇ ਸੇਵਾ-ਸੰਭਾਲ ਲਈ ਲਗਾਈ । ਇੱਥੇ ਬਾਬਾ ਜੀ ਨੇ ਇਕ ਖੂਹ ਲਗਵਾਇਆ ਜੋ ਤਖ਼ਤ ਸਾਹਿਬ ਦੀ ਪਰਿਕਰਮਾ ਵਿਚ ਹੈ, ਜਿਸ ਨੂੰ ਸ਼ਹੀਦਾਂ ਦੇ ਖੂਹ ਨਾਲ ਵੀ ਜਾਣਿਆ ਜਾਂਦਾ ਹੈ । (**ਜਿਨ੍ਹਾਂ ਧਰਮ ਨਹੀਂ ਹਾਰਿਆ,** ਪੰਨਾ 121) 'ਬਾਬਾ ਦੀਪ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਜੀ ਨਾਲ ਮਿਲ ਕੇ ਮੁਗ਼ਲ ਸਾਮਰਾਜ ਦੇ ਖ਼ਿਲਾਫ਼ ਜੰਗ ਲੜੀ। ਇਹ ਜੰਗ 1708 ਈ: ਵਿਚ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਵਿਚ ਆ ਕੇ ਸਿੱਖਾਂ ਨੂੰ ਇਕੱਤਰ ਕਰ ਕੇ ਲੜੀ ਜਿਸ ਵਿਚ ਬਾਬਾ ਦੀਪ ਸਿੰਘ ਜੀ ਆਪਣੇ ਸਾਥੀਆਂ ਸਮੇਤ ਇਸ ਦਲ ਵਿਚ ਸ਼ਾਮੀਲ ਹੋ ਕੇ ਲੜੇ । ਇਸ ਜੰਗ ਏ ਮੈਦਾਨ ਵਿਚ ਬਾਬਾ ਦੀਪ ਸਿੰਘ ਜੀ "ਮੁਹਿ ਮਰਨੇ ਕਾ ਚਾਉ" ਦੀ ਬਿਰਤੀ ਨਾਲ ਸਭ ਤੋਂ ਅੱਗੇ ਹੋ ਕੇ ਲੜੇ ਇਸੇ ਲਈ ਇਨ੍ਹਾਂ ਦੇ ਜੱਥੇ ਦਾ ਨਾਮ ਸ਼ਹੀਦਾਂ ਦਾ ਜੱਥਾ ਪੈ ਗਿਆ ਸੀ ।' (ਉਹੀ ਪੰਨਾ, 123)



'1761 ਈ: ਵਿਚ ਅਹਿਮਦਸ਼ਾਹ ਅਬਦਾਲੀ ਨੇ ਜਹਾਨ ਖ਼ਾਨ ਨੂੰ ਸਿੰਘਾਂ 'ਤੇ ਹਮਲਾ ਕਰਨ ਲਈ ਭੇਜਿਆ। ਜਹਾਨ ਖ਼ਾਨ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਡੇਰੇ ਲਾ ਕੇ ਬੈਠ ਗਿਆ ਤੇ ਦਰਬਾਰ ਸਾਹਿਬ ਦੀ ਬੇਅਦਬੀ ਕਰਨ ਲੱਗ ਪਿਆ। ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪਵਿੱਤਰ ਸਰੋਵਰ ਨੂੰ ਮਿੱਟੀ ਨਾਲ ਪੂਰ ਦਿੱਤਾ ਗਿਆ। ਇਸ ਸਭ ਦੀ ਖ਼ਬਰ ਜਦੋਂ ਬਾਬਾ ਦੀਪ ਸਿੰਘ ਜੀ ਨੂੰ ਲੱਗੀ ਤਾ ਬਾਬਾ ਜੀ ਉਸੇ ਵੇਲੇ ਅੰਮ੍ਰਿਤਸਰ ਸਾਹਿਬ ਜਾਣ ਦਾ ਫ਼ੈਸਲਾ ਕਰ ਲਿਆ ਤਾਂ ਜੋ ਬੇਅਦਬੀ ਦਾ ਬਦਲਾ ਲਿਆ ਜਾ ਸਕੇ। ਇਸ ਲਈ ਆਪਣੀ ਜਗ੍ਹਾ 'ਤੇ ਭਾਈ ਨੱਥਾ ਸਿੰਘ ਜੀ ਨੂੰ ਛੱਡ ਕੇ ਆਪ ਅੰਮ੍ਰਿਤਸਰ ਵੱਲ ਨੂੰ ਕੂਚ ਕਰ ਦਿੱਤਾ। ਉਸ ਸਮੇਂ ਆਪ ਜੀ ਨਾਲ ਸਿਰਫ਼ 500 ਸਿੰਘਾਂ ਦਾ ਜੱਥਾ ਸੀ। ਰਸਤੇ ਵਿਚ ਲਾਗਲੇ ਪਿੰਡਾਂ ਜੋਗਾ, ਦੋਰਾਜ, ਭੁੱਚੋ, ਗੋਬਿੰਦਪੁਰਾ, ਲੱਖੀ ਜੰਗਲ, ਬਹਿਮਨ, ਮਾਹਨਵਾਲ, ਕੋਟ, ਪੰਜੋ ਕੇ ਗੁਰੂ ਚੌਤਰਾਂ, ਫੂਲ, ਮਹਿਰਾਜ, ਤੋਂ ਹੋਰ ਸਿੰਘ ਜੱਥੇ ਵਿਚ ਮਿਲਦੇ ਗਏ। ਇਸ ਤਰ੍ਹਾਂ ਤਰਨ-ਤਾਰਨ ਸਾਹਿਬ ਪਹੁੰਚਣ ਤੀਕ ਉਨ੍ਹਾਂ ਨਾਲ ਪੰਜ ਹਜ਼ਾਰ ਜੁਝਾਰੂ ਸਿੰਘਾਂ ਦਾ ਜੱਥਾ ਬਣ ਗਿਆ। ਇਸ ਸਮੇਂ ਬਾਬਾ ਜੀ ਦੀ ਉਮਰ 78 ਸਾਲ ਦੇ ਲੱਗਭਗ ਸੀ।' ਜੋਸ਼ ਉਨ੍ਹਾਂ ਵਿਚ ਇਕ ਨੌਜਵਾਨ ਦਾ ਸੀ। ਜਿਸ ਸਮੇਂ ਬਾਬਾ ਜੀ ਜਾ ਰਹੇ ਸਨ ਤਾਂ ਉਨ੍ਹਾਂ ਦੇ ਬੋਲ ਸਨ ਕਿ 'ਜੋ ਗੁਰੂ ਦੇ ਰਾਹ 'ਤੇ ਸਿਰ ਦੇਣ ਲਈ ਤਿਆਰ ਹੈ ਉਹ ਉਨ੍ਹਾਂ ਨਾਲ ਆਵੇ'। ਬਾਬਾ ਜੀ ਦੀ ਇਸ ਅਵਾਜ਼ ਤੇ 500 ਸਿੰਘਾਂ ਦੀ ਗਿਣਤੀ ਤੋਂ ਪੰਜ ਹਜ਼ਾਰ ਹੋ ਗਈ ਜੋ ਸ਼ਹੀਦੀ ਦੇਣ ਨੂੰ ਤਿਆਰ-ਬਰ-ਤਿਆਰ ਹੋ ਗਏ। ਬਾਬਾ ਜੀ ਦਾ ਅਗਵਾਈ ਦਾ ਢੰਗ ਏਵੈਂ ਦਾ ਸੀ ਜੋ ਵੀ ਉਹ ਹੁਕਮ ਦਿੰਦੇ, ਸਿੰਘ ਉਨ੍ਹਾਂ ਦੇ ਹੁਕਮ ਨੂੰ ਸਿਰ ਮੱਥੇ ਮੰਨਦੇ। ਬਾਬਾ ਦੀਪ ਸਿੰਘ ਜੀ ਨੇ ਆਪਣੇ ਸਾਥੀਆਂ ਨੂੰ ਵੰਗਾਰਿਆ ਅਤੇ ਗਰਜ ਕੇ ਕਿਹਾ ਕਿ ਜਿਨ੍ਹਾਂ ਨੂੰ ਗੁਰੂ ਅਤੇ ਧਰਮ ਪਿਆਰਾ ਹੈ, ਉਹ ਲਕੀਰ ਪਾਰ ਆ ਜਾਣ,

ਪਰ ਜਿਨ੍ਹਾਂ ਨੂੰ ਜਾਨ ਅਤੇ ਜਹਾਨ ਪਿਆਰਾ ਹੈ, ਉਹ ਲਕੀਰ ਤੋਂ ਪਿੱਛੇ ਹੀ ਰਹਿਣ । ਇਹ ਸੁਣ ਕੇ ਇਕ ਵੀ ਸਿੰਘ ਨਹੀਂ ਥਿੜਕਿਆ ਸਗੋਂ ਪੂਰੇ ਜੋਸ਼ ਨਾਲ ਜੈਕਾਰੇ ਗਜਾਉਂਦੇ ਹੋਏ ਲਕੀਰ ਤੋਂ ਪਾਰ ਆ ਖੜੋਤੇ । ਬਾਬਾ ਜੀ ਦਾ ਹੁਕਮ ਮਿਲਣ 'ਤੇ ਉਹ ਰਣ ਤੱਤੇ ਵਿਚ ਜੂਝ ਪਏ । ਦੋਵੇਂ ਪਾਸਿਆਂ ਤੋਂ ਘਮਸਾਨ ਦਾ ਜੰਗ ਮੱਚਿਆ, ਇਸ ਸਮੇਂ ਸਿੰਘ ਸਿਰਫ਼ ਅੰਮ੍ਰਿਤਸਰ ਜਾਣਾ ਚਾਹੁੰਦੇ ਸੀ । ਉਨ੍ਹਾਂ ਨੇ "ਨਿਸਚੈ ਕਰ ਆਪਨੀ ਜੀਤ ਕਰੋਂ" ਦੇ ਅਨੁਸਾਰ ਪਿੱਛੇ ਨਾ ਮੁੜਨ ਦੀ ਸੌਂਹ ਖਾਧੀ ਸੀ, ਉਹ ਇਸ ਜਜਬੇ ਨਾਲ ਹੀ ਅੱਗੇ ਵੱਧਦੇ ਗਏ ਤੇ ਛੇ ਕੋਹ ਦੇ ਵਿਚਕਾਰ ਲਾਸ਼ਾ ਵਿਛ ਗਈਆਂ। 'ਰਾਮਸਰ ਤੀਰਥ ਦੇ ਲਾਗੇ ਸ਼ਹੀਦ ਦੀਪ ਸਿੰਘ ਤੇ ਸ਼ਾਹ ਜਮਾਲ ਆਹਮੋ-ਸਾਹਮਣੇ ਹੋਏ ਤੇ ਇਸ ਕਾਂਟੇ ਦੀ ਟੱਕਰ 'ਚ ਦੋਵਾਂ ਦੇ ਸਿਰ ਧੜ ਤੋਂ ਜੁਦਾ ਹੋ ਗਏ'। ਗਿਆਨੀ ਗਿਆਨ ਸਿੰਘ ਅਨੁਸਾਰ ਚੱਬੇ ਪਿੰਡ ਦੇ ਕੋਲ ਸ਼ਾਹ ਜਮਾਲ ਨਾਲ ਲੜਦਿਆਂ ਬਾਬਾ ਦੀਪ ਸਿੰਘ ਜੀ ਦਾ ਸੀਸ ਧੜ ਨਾਲੋਂ ਵੱਖ ਹੋ ਗਿਆ । ਇਕ ਸਿੰਘ ਨੇ ਕਿਹਾ ਬਾਬਾ ਜੀ ਤੁਸੀ ਤਾਂ ਅੰਮ੍ਰਿਤਸਰ ਜਾਣਾ ਸੀ ਫੇਰ ਇੱਥੇ ਹੀ ਕਿਉਂ ਡੇਰੇ ਲਾਉਣ ਲੱਗੇ ਹੋ ? ਬਾਬਾ ਜੀ ਇਹ ਸੁਣ ਕੇ ਉੱਠ ਖੜੋਤੇ ਅਤੇ ਇਕ ਹੱਥ ਤੇ ਆਪਣਾ ਸੀਸ ਰੱਖ ਲਿਆ ਤੇ ਦੂਜੇ ਵਿਚ ਖੰਡਾ ਫੜ ਕੇ ਲੜਨਾਂ ਸ਼ੁਰੂ ਕਰ ਦਿੱਤਾ । ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚ ਕੇ ਰਾਮਸਰ ਦੇ ਕੋਲ ਜਾ ਕੇ ਉਨ੍ਹਾਂ ਨੇ ਸ਼ਹੀਦੀ ਪਾਈ, ਉਨ੍ਹਾਂ ਦੇ ਸ਼ਹੀਦੀ ਅਸਥਾਨ 'ਤੇ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਅੱਜ ਵੀ ਸੁਸ਼ੋਭਿਤ ਹੈ । ਦਰਬਾਰ ਸਾਹਿਬ ਜੀ ਦੀ ਹਦੂਦ (ਹੱਦਬੰਦੀ) ਦੱਖਣੀ ਬਾਹੀ ਵਿਚ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਬੁੰਗਾ ਸਥਿਤ ਹੈ, ਉੱਥੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹਮੇਸ਼ਾ ਪ੍ਰਕਾਸ਼ ਰਹਿੰਦਾ ਹੈ।

"ਇਸ ਜੰਗ ਵਿਚ ਬਾਬਾ ਦੀਪ ਸਿੰਘ ਜੀ ਭਾਵੇਂ ਸ਼ਹੀਦ ਹੋ ਗਏ, ਪਰ ਉਹ ਆਪਣਾ ਪ੍ਰਣ ਨਿਭਾਉਣ ਵਿਚ ਸਫ਼ਲ ਰਹੇ । ਬਾਬਾ ਜੀ ਦਾ ਰੂਹਾਨੀਂ ਜੋਸ਼ ਇਸ ਗੱਲ ਨੂੰ ਸਾਬਤ ਕਰ ਦਿੰਦਾ ਹੈ ਕਿ ਸੂਰਮੇਂ ਦੇ ਅੰਦਰ ਗੁਰੂ ਦੇ ਦਰਸ਼ਨਾਂ ਦੀ ਏਨੀ ਤਾਂਘ ਹੁੰਦੀ ਹੈ ਕਿ ਉਹ ਆਪਣੇ ਪ੍ਰੀਤਮ ਦਾ ਦੀਦਾਰ ਪ੍ਰਾਪਤ ਕਰਨ ਲਈ ਉਸ ਦਾ ਹੁਕਮ ਮੰਨ ਕੇ ਆਪਣਾ ਸੀਸ ਵੀ ਕੱਟ ਕੇ ਦੇਣ ਨੂੰ ਤਿਆਰ ਬਰ ਤਿਆਰ ਹੁੰਦਾ ਹੈ।" (**ਜਿਨਾ ਧਰਮ ਨਹੀਂ ਹਾਰਿਆ**, ਪੰਨਾ 126) ਗੁਰਬਾਣੀ ਦਾ ਮਹਾਂਵਾਕ ਹੈ:

**ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ॥**
**ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ॥** (ਅੰਗ ੧੦੯੪)

ਭਾਵ, ਬਹਾਦਰ ਸੂਰਮਾ ਆਪਣੇ ਅਕਾਲ ਪੁਰਖ ਪਰਮਾਤਮਾ ਨੂੰ ਆਖ ਰਿਹਾ ਹੈ, ਜੇ ਤੂੰ ਆਖੇਂ ਤਾਂ ਮੈਂ ਆਪਣਾ ਸਿਰ ਵੀ ਲਾਹ ਕੇ ਭੇਂਟ ਕਰ ਦੇਵਾਂ। ਮੇਰੀਆਂ ਅੱਖਾਂ ਤਰਸ ਰਹੀਆਂ ਹਨ, ਮੈਂ ਕਦੋਂ ਤੇਰਾ ਦਰਸ਼ਨ ਕਰਾਗਾਂ । ਅਜਿਹੇ ਬੋਲ ਸਿਰਫ਼ ਇਕ ਗੁਰੂ ਦਾ ਪਿਆਰਾ ਹੀ ਕਰ ਸਕਦਾ ਹੈ । ਜਿਸ ਦਾ ਰੋਮ ਰੋਮ ਗੁਰੂ ਦੇ ਪਿਆਰ ਵਿਚ ਭਿੱਜਿਆ ਪਿਆ ਹੈ ।

**ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥**
**ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥** (ਅੰਗ ੫੫੮)

ਨਾਨਕ ਪਾਤਸ਼ਾਹ ਜੀ ਆਖਦੇ ਹਨ ਕਿ ਜੇ ਕੋਈ ਗੁਰਮੁਖਿ ਮੈਨੂੰ ਤੇਰੀ ਗੱਲ ਸੁਣਾਵੇਂ ਤਾਂ ਮੈ ਉਸ ਅੱਗੇ ਕਿਹੜੀ ਭੇਟ ਧਰਾਂ, ਆਪਣਾ ਸਿਰ ਵੱਢ ਕੇ ਮੈਂ ਉਸ ਦੇ ਬੈਠਣ ਲਈ ਆਸਣ ਬਣਾਂ ਦਿਆਂ, ਕਹਿਣ ਤੋਂ ਭਾਵ ਆਪਾ-ਭਾਵ ਦੂਰ ਕਰ ਕੇ ਮੈਂ ਉਸ ਦੀ ਸੇਵਾ ਕਰਾਂ। ਅਸਲ ਵਿਚ ਸਿੱਖ ਤਾਂ ਆਪਣਾ ਸੀਸ ਉਦੋਂ ਹੀ ਭੇਟ ਕਰ ਦਿੰਦਾ ਹੈ, ਜਦੋਂ ਉਹ ਪੰਜ ਪਿਆਰਿਆ ਤੋਂ ਖੰਡੇ ਬਾਟੇ ਦਾ ਅੰਮ੍ਰਿਤ ਛਕ ਲੈਂਦਾਂ ਹੈ। ਬਾਬਾ ਦੀਪ ਸਿੰਘ ਜੀ ਨੇ ਤਾਂ ਅੰਮ੍ਰਿਤ ਦੀ ਦਾਤਿ ਹੀ ਗੁਰੂ ਸਾਹਿਬ ਤੋਂ ਪ੍ਰਾਪਤ ਕੀਤੀ ਸੀ।

ਬਾਬਾ ਦੀਪ ਸਿੰਘ ਜੀ ਤੇ ਗੁਰੂ ਇਕ-ਮਿਕ ਸਨ, ਗੁਰੂ ਤਾਂ ਬਾਬਾ ਦੀਪ ਸਿੰਘ ਜੀ ਦੇ ਅੰਦਰ ਬਿਰਾਜਮਾਨ ਸੀ। ਜੇਕਰ ਗੱਲ ਬਾਬਾ ਦੀਪ ਸਿੰਘ ਜੀ ਦੇ ਨਾਇਕਤਵ ਦੀ ਕੀਤੀ ਜਾਵੇ ਤਾਂ ਉਨ੍ਹਾਂ ਦਾ ਨਾਇਕਤਵ ਅਨੇਕਾਂ ਗੁਣਾਂ ਨਾਲ ਭਰਿਆ ਹੋਇਆ ਹੈ ਜਿਨ੍ਹਾਂ ਵਿਚ ਇਕ ਗੁਰਮੁਖ , ਇਕ ਬ੍ਰਹਮ ਗਿਆਨੀ, ਇਕ ਸਚਿਆਰ ਤੇ ਇਕ ਖ਼ਾਲਸਾ ਸਨ। ਇਸ ਤੋਂ ਇਲਾਵਾ ਉਹ ਇਕ ਉੱਚ ਕੋਟੀ ਦੇ ਵਿਲੱਖਣ ਵਿਦਵਾਨ ਸਨ। ਬਾਬ ਦੀਪ ਸਿੰਘ ਜੀ ਨੇ ਆਪਣੇ ਨੇਤਰਾਂ ਨਾਲ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਹੀ ਨਹੀਂ ਸਨ ਕੀਤੇ ਸਗੋਂ ਉਹ ਤਾਂ ਖੰਡਾ ਲੈ ਕੇ ਗੁਰੂ ਸਾਹਿਬ ਜੀ ਦੀ ਛਤਰ-ਛਾਇਆ ਹੇਠ ਜੰਗਾਂ ਯੁੱਧਾਂ ਵਿਚ ਜੂਝਦੇ ਰਹੇ ਸਨ। ਉਨ੍ਹਾਂ ਨੇ ਆਪਣਾ ਸਾਰਾ ਜੀਵਨ ਪੰਥ ਲੇਖੇ ਲਾ ਦਿੱਤਾ ਸੀ। ਬਾਬਾ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਵਲੋਂ ਦਰਸਾਏ ਰਸਤੇ, "ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ" ਤੇ ਚੱਲ ਕੇ ਗੁਰ ਸੇਵਾ ਵਿਚ ਲਾ ਦਿੱਤਾ ਸੀ। "ਗੁਰਬਾਣੀ ਦਾ ਫ਼ੁਰਮਾਨ ਹੈ:

**ਸਤਿਗੁਰ ਆਗੈ ਸੀਸੁ ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ॥**
**ਆਪੇ ਦਇਆ ਕਰਹੁ ਪ੍ਰਭ ਦਾਤੇ ਨਾਨਕ ਅੰਕਿ ਸਮਾਵੈ॥** (ਅੰਗ ੧੧੧੪)

ਅਰਥ, ਜੇ ਸਦਾ ਥਿਰ ਪ੍ਰਭੂ ਦੇ ਰੂਪ ਗੁਰੂ ਨੂੰ ਚੰਗਾ ਲੱਗੇ, ਤਾਂ ਮੈ ਆਪਣਾ ਸਿਰ ਗੁਰੂ ਦੇ ਅੱਗੇ ਭੇਟ ਧਰ ਦਿਆਂ। ਹੇ ਨਾਨਕ, ਹੇ ਪ੍ਰਭੂ ਜਿਸ ਮਨੁੱਖ ਉੱਤੇ ਤੂੰ ਆਪ ਮਿਹਰ ਕਰਦਾ ਹੈ, ਉਹ ਮਨੁੱਖ ਤੇਰੇ ਚਰਨਾਂ ਵਿਚ ਲੀਨ ਹੋ ਜਾਂਦਾ ਹੈ। ਗੁਰੂ ਅੱਗੇ ਪੂਰਾ ਸਮਰਪਣ ਕਰਨ ਉਪਰੰਤ ਮਨੁੱਖ ਦੇ ਤਨ-ਮਨ, ਸੁਰਤ ਵਿਚ ਅਗਮ-ਅਗੋਚਰ, ਅਬਿਨਾਸ਼ੀ ਪਰਮੇਸ਼ਰ ਦਾ ਨਿਵਾਸ ਹੋ ਜਾਂਦਾ ਹੈ।

"ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ" ਅਨੁਸਾਰ ਉਨ੍ਹਾਂ ਦਾ ਮਨ ਪੂਰੀ ਤਰ੍ਹਾਂ ਗੁਰੂ ਜੀ ਦੀ ਬਾਣੀ ਵਿਚ ਰੰਗਿਆ ਰਹਿੰਦਾ ਸੀ। ਉਹ ਆਮ ਸੰਸਾਰੀ ਯੋਧਿਆਂ ਵਾਂਗ ਹੰਕਾਰ ਜਾਂ ਕ੍ਰੋਧ ਵੱਸ ਹੋ ਕੇ ਯੁੱਧ ਨਹੀਂ ਕਰਦੇ ਸਨ। ਉਨ੍ਹਾਂ ਲਈ ਤਾਂ ਯੁੱਧ ਵਿਚ ਖੰਡਿਆਂ ਦੀ ਛਣਕਾਰ ਵਿਚ ਨਾਮ ਸਿਮਰਨ ਅਤੇ ਗੁਰਬਾਣੀ ਤੇ ਕੀਰਤਨ ਦੀਆਂ ਧੁਨਾਂ ਗੂੰਜਦੀਆਂ ਸਨ। ਬਾਬਾ ਦੀਪ ਸਿੰਘ ਜੀ ਹਮੇਸ਼ਾ ਧਰਮ, ਸੱਚ, ਹੱਕ, ਅਤੇ ਨਿਆਂ ਲਈ ਧਰਮ ਯੁੱਧ ਵਿਚ ਜੂਝਦੇ ਸਨ। ਯੁੱਧ ਵਿਚ ਉਨ੍ਹਾਂ ਦੀ ਅਵਸਥਾ ਠੀਕ ਉਸੇ ਤਰ੍ਹਾਂ ਹੁੰਦੀ ਸੀ ਜਿਵੇਂ ਗੁਰੂ ਗੋਬਿੰਦ ਸਿੰਘ ਜੀ ਦਾ ਮਹਾਂਵਾਕ ਹੈ :

**ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ॥**
**ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜੈ ਭਵ ਸਾਗਰ ਤਾਰੈ॥**

(ਸਵੈਯਾ, ਕ੍ਰਿਸ਼ਨਾਵਤਾਰ)

ਗੁਰੂ ਸਾਹਿਬਾਨ ਜੀ ਨੇ ਮਨੁੱਖ ਨੂੰ ਮੌਤ ਦਾ ਡਰ ਖ਼ਤਮ ਕਰਨ ਦਾ ਉਪਦੇਸ਼ ਦਿੱਤਾ ਹੈ। ਬਾਬਾ ਦੀਪ ਸਿੰਘ ਜੀ ਨੇ ਆਪਣੇ ਜੀਵਨ ਦੌਰਾਨ ਗੁਰਮਤਿ ਅਨੁਸਾਰ ਵਿਚਰਦਿਆਂ ਨਾਮ ਦੀ ਕਮਾਈ ਕਰਦਿਆਂ "ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥ ਕਹੁ ਨਾਨਕ ਬਾਹ ਲੁਡਾਈਐ॥" ਅਨੁਸਾਰ ਸ਼ਹਾਦਤ ਦਾ ਜਾਮ ਪੀ ਕੇ ਇਕ ਆਲੌਕਿਕ, ਮਹਾਂਨ, ਬੇਜੋੜ ਇਤਿਹਾਸ ਸਿਰਜਿਆ ਅਤੇ ਆਪਣੀ ਜੀਵਨ ਯਾਤਰਾ ਸੰਪੂਰਨ ਤੇ ਸਫ਼ਲ ਕਰ ਲਈ, ਅਜਿਹੇ ਸੂਰਬੀਰ ਬਚਨ ਕੇ ਬਲੀ, "ਹੈਨਿ ਵਿਰਲੇ ਨਾਹੀ ਘਣੇ" ਹੀ ਹੋਏ ਹਨ। ਕਬੀਰ ਜੀ ਦੇ ਫ਼ੁਰਮਾਨ ਅਨੁਸਾਰ ਬਾਬਾ ਦੀਪ ਸਿੰਘ ਜੀ ਨੇ ਸ਼ਹੀਦੀ ਪਾ ਕੇ ਆਪਣੇ ਮਨ ਦਾ ਚਾਉ ਪੂਰਾ ਕਰ ਲਿਆ ਸੀ ਤੇ ਉਹ ਸ਼ਹੀਦੀ ਪਾ ਕੇ ਬ੍ਰਹਮਲੀਨ ਹੋ ਗਏ ਸਨ ।


**ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ॥**
**ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ ॥** (ਅੰਗ ੧੩੬੭)

ਸਿੱਖ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸਿੱਖਾਂ ਨੂੰ ਜੋ ਸਿੱਖੀ ਮਿਲੀ ਹੈ ਉਹ ਖੰਡੇ ਦੀ ਧਾਰ 'ਤੇ ਮਿਲੀ ਹੈ ਇਸ ਲਈ ਹਰ ਇਕ ਸਿੱਖ ਯੋਧੇ ਦਾ ਰੂਪ ਹੁੰਦਾ ਹੈ। ਸਿੱਖ ਕੌਮ ਨੂੰ ਹਮੇਸ਼ਾਂ-ਹਮੇਸ਼ਾਂ ਲਈ ਇਨ੍ਹਾਂ ਅਦੁੱਤੀ ਅਤੇ ਅਜ਼ੀਮ ਸੂਰਬੀਰ ਸਿੰਘ ਸ਼ਹੀਦਾਂ ਅਤੇ ਉਨ੍ਹਾਂ ਵਲੋਂ ਕੀਤੇ ਅਦਭੁੱਤ ਕਾਰਨਾਮਿਆਂ ਉੱਤੇ ਮਾਣ ਰਹੇਗਾ ਅਤੇ ਉਹ ਹਰ ਸਮੇਂ ਹਰ ਮਨੁੱਖ ਲਈ ਚਾਨਣ ਮੁਨਾਰਾ ਬਣੇ ਰਹਿਣਗੇ।

---

* ਰਿਸਰਚ ਸਕਾਲਰ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,
ਪੰਜਾਬੀ ਯੂਨਿਵਰਸਿਟੀ, ਪਟਿਆਲਾ।

# ਪੁਸਤਕ ਪੜਚੋਲ




ਡਾ. ਮਹਿੰਦਰ ਸਿੰਘ ਨੇ **ਡਾ. ਗੰਡਾ ਸਿੰਘ : ਇਤਿਹਾਸਕਾਰ ਤੇ ਸੰਸਥਾਵਾਂ ਦੇ ਉਸਰੱਈਏ** ਪੁਸਤਕ 2020 ਈ. ਵਿਚ ਲਿਖੀ ਹੈ। ਨੈਸ਼ਨਲ ਬੁਕ ਟਰੱਸਟ, ਇੰਡੀਆ ਨੇ ਰਾਸ਼ਟਰੀ ਜੀਵਨੀਆਂ ਦੀ ਲੜੀ ਅਧੀਨ ਇਸ ਪੁਸਤਕ ਨੂੰ ਪ੍ਰਕਾਸ਼ਿਤ ਕੀਤਾ ਹੈ। ਇਸ ਪੁਸਤਕ ਦਾ ਟਾਈਟਲ ਹੀ ਲੇਖਕ ਦੇ ਬੁਨਿਆਦੀ ਉਦੇਸ਼ ਨੂੰ ਸਪੱਸ਼ਟ ਕਰਦਾ ਹੈ ਅਰਥਾਤ ਲੇਖਕ ਡਾ. ਗੰਡਾ ਸਿੰਘ ਦੇ ਜੀਵਨ ਦੀ ਵਿਆਖਿਆ, ਉਨ੍ਹਾਂ ਦੇ ਇਤਿਹਾਸ ਨੂੰ ਯੋਗਦਾਨ ਅਤੇ ਉਨ੍ਹਾਂ ਵੱਲੋਂ ਉਸਾਰੀਆਂ ਸੰਸਥਾਵਾਂ ਦੇ ਪਰਿਪੇਖ ਵਿਚ ਕਰਦਾ ਹੈ। ਲੇਖਕ ਨੇ ਭੂਮਿਕਾ ਅਤੇ ਡਾ. ਗੰਡਾ ਸਿੰਘ ਦੇ ਸੰਖੇਪ ਜੀਵਨ ਬਿਉਰਾ ਸਮੇਤ ਪੁਸਤਕ ਦੇ ਤੇਰਾਂ ਅਧਿਆਇ ਉਲੀਕੇ ਹਨ। ਹਰ ਇਕ ਅਧਿਆਇ ਦਾ ਟਾਈਟਲ ਡਾ. ਗੰਡਾ ਸਿੰਘ ਦੇ ਜੀਵਨ, ਸ਼ਖ਼ਸੀਅਤ, ਸਿੱਖ ਇਤਿਹਾਸਕਾਰੀ, ਸੰਸਥਾਵਾਂ ਦੀ ਸਥਾਪਨਾ, ਪ੍ਰਾਪਤੀਆਂ ਅਤੇ ਸਨਮਾਨ ਆਦਿ ਦਾ ਵਰਨਣ ਹੈ। ਲੇਖਕ ਨੇ ਪੰਜ ਅੰਤਿਕਾਵਾਂ ਜੋੜ ਕੇ ਡਾ. ਗੰਡਾ ਸਿੰਘ ਦੀ ਨਿੱਜੀ ਲਾਇਬ੍ਰੇਰੀ, ਸਨਮਾਨਾਂ ਦੀ ਸੂਚੀ ਅਤੇ ਕਰਮ ਸਿੰਘ ਹਿਸਟੋਰੀਅਨ ਬਾਰੇ ਵਿਸ਼ੇਸ਼ ਲੇਖ ਅਤੇ ਦੁਰਲਭ ਤਸਵੀਰਾਂ ਵੀ ਸ਼ਾਮਲ ਕੀਤੀਆਂ ਹਨ।

ਡਾ. ਮਹਿੰਦਰ ਸਿੰਘ ਦੇ ਸ਼ਬਦਾਂ ਵਿਚ ਡਾ. ਗੰਡਾ ਸਿੰਘ (1900-1987) ਦਾ ਜੀਵਨ ਇਕ ਰੋਮਾਂਚਿਕ ਗਾਥਾ ਹੈ। ਡਾ. ਗੰਡਾ ਸਿੰਘ ਨੇ 30 ਸਾਲਾਂ ਦੀ ਉਮਰ ਵਿਚ ਵਿੱਦਿਅਕ ਖੇਤਰ ਵਿਚ ਪੈਰ ਧਰਾਈ ਕੀਤੀ ਅਤੇ 42 ਸਾਲਾਂ ਦੀ ਉਮਰ ਵਿਚ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਤੋਂ ਇਤਿਹਾਸ ਦੀ ਐੱਮ.ਏ. ਪਾਸ ਕਰਕੇ ਰਿਕਾਰਡ ਕਾਇਮ ਕੀਤਾ। ਰੋਮਾਂਚਿਕ ਤੱਥ ਇਹ ਵੀ ਹੈ ਕਿ 1954 ਈ. ਵਿਚ ਪੀਐੱਚ.ਡੀ. (ਅਹਿਮਦ ਸ਼ਾਹ ਦੁਰਾਨੀ) ਡਿਗਰੀ ਲੈਣ ਤੋਂ ਪਹਿਲੋਂ ਹੀ ਡਾ. ਗੰਡਾ ਸਿੰਘ ਡਾਇਰੈਕਟਰ ਆਫ਼ ਆਰਕਾਈਵਜ਼ ਅਤੇ ਮਿਊਜ਼ੀਅਮ (1950); ਡਾਇਰੈਕਟਰ ਆਫ਼ ਪੰਜਾਬੀ ਮਹਿਕਮਾ, ਡਿਪਟੀ ਸਕੱਤਰ, ਪੈਪਸੂ ਸਰਕਾਰ ਅਤੇ ਇੰਚਾਰਜ, ਸੈਂਟ੍ਰਲ ਪਬਲਿਕ ਲਾਇਬ੍ਰੇਰੀ (1953) ਮਹੱਤਵਪੂਰਨ ਅਹੁਦਿਆਂ 'ਤੇ ਸੇਵਾ ਕਰ ਚੁੱਕੇ ਸਨ। ਅਨੇਕਾਂ ਪੁਰਸਕਾਰਾਂ ਨਾਲ ਸਨਮਾਨਿਤ ਡਾ. ਗੰਡਾ ਸਿੰਘ ਨੇ ਕਈ ਵਿੱਦਿਅਕ ਅਤੇ ਇਤਿਹਾਸ ਦੀਆਂ ਸੰਸਥਾਵਾਂ ਉਸਾਰੀਆਂ। ਇਨ੍ਹਾਂ ਵਿਚ ਸਭ ਤੋਂ ਵੱਧ ਮਹੱਤਵਪੂਰਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਪੰਜਾਬ ਹਿਸਟੋਰੀਕਲ ਸਟੱਡੀਜ਼ ਵਿਭਾਗ (1963), ਪੰਜਾਬ ਹਿਸਟਰੀ ਕਾਨਫ਼ਰੰਸ (1965) ਅਤੇ 1967 ਵਿਚ ਛਿਮਾਹੀ ਖੋਜ ਪੱਤ੍ਰਿਕਾ *The Panjab Past and Present* ਸਨ। ਇਨ੍ਹਾਂ ਸੰਸਥਾਵਾਂ ਨੇ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰ 'ਤੇ ਪੰਜਾਬ ਇਤਿਹਾਸ ਨੂੰ (ਪ੍ਰਾਚੀਨ ਕਾਲ ਤੋਂ ਆਧੁਨਿਕ ਕਾਲ ਤਕ) ਗੌਰਵ ਪ੍ਰਦਾਨ ਕੀਤਾ। ਉਤਰੀ ਭਾਰਤ ਦੇ ਖਿਤੇ ਦੇ ਖੋਜਾਰਥੀਆਂ ਅਤੇ ਅਧਿਆਪਕਾਂ ਨੂੰ ਸਮਾਜਕ, ਆਰਥਕ, ਰਾਜਨੀਤਕ, ਸਭਿਆਚਾਰਕ ਅਤੇ ਭਾਸ਼ਾਈ ਮਸਲਿਆਂ ਤੇ ਥੀਸਿਸ ਪੇਸ਼ ਕਰਨ ਲਈ ਪ੍ਰੇਰਨਾ ਦਿੱਤੀ। ਇਤਿਹਾਸ-ਤਕਨੀਕਾਂ ਸਿੱਖਣ ਅਤੇ ਸਾਂਝੀਆਂ ਕਰਨ ਲਈ ਕੇਂਦਰੀ ਸਥਾਨ ਉਪਲਬਧ ਕਰਵਾਇਆ। ਖੋਜਾਰਥੀ ਅਤੇ ਇਤਿਹਾਸਕਾਰ ਪੰਜਾਬ ਹਿਸਟਰੀ ਕਾਨਫ਼ਰੰਸ ਵਿਚ ਖੋਜ ਪੱਤਰ ਪੇਸ਼ ਕਰਨ ਵਿਚ ਮਾਣ ਮਹਿਸੂਸ ਕਰਨ ਲੱਗੇ। *The Panjab Past and Present* ਖੋਜ ਪੱਤ੍ਰਿਕਾ ਵਿਚ Research Paper ਪ੍ਰਕਾਸ਼ਿਤ ਹੋਣਾ ਖੋਜਾਰਥੀ ਦੀ ਨਿਪੁੰਨਤਾ ਸਮਝੀ ਜਾਣ ਲੱਗੀ। ਪੰਜਾਬੀ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਅਤੇ Panjab Historical Studies ਦੇ ਮੁਖੀਆ ਅਤੇ ਅਧਿਆਪਕਾਂ ਨੇ ਮਿਆਰੀ ਇਤਿਹਾਸਕਾਰੀ ਬਣਾਈ ਰੱਖਣ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਪੰਜਾਬ, ਜੰਮੂ ਕਸ਼ਮੀਰ, ਹਰਿਆਣਾ, ਦਿੱਲੀ ਯੂਨੀਵਰਸਿਟੀ ਤੇ ਜਵਾਹਰ ਲਾਲ ਯੂਨੀਵਰਸਿਟੀ, ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਸਾਹਿਬਾਨ ਅਤੇ ਖੋਜਾਰਥੀਆਂ ਨੇ ਪੰਜਾਬ ਇਤਿਹਾਸ ਦੇ ਅਣਛੋਹੇ ਵਿਸ਼ਿਆਂ ਅਤੇ ਖੋਜ ਦੀਆਂ ਨਵੀਨ ਤਕਨੀਕਾਂ ਪੰਜਾਬ ਹਿਸਟਰੀ ਕਾਨਫ਼ਰੰਸ ਦੇ ਮੰਚ 'ਤੇ ਸਾਂਝੀਆਂ ਕਰਕੇ ਰਵਾਇਤੀ ਇਤਿਹਾਸ ਅਤੇ ਸਾਹਿਤਕ ਕਥਾਵਾਂ ਨੂੰ ਨਵੇਂ ਸਿਰਿਓਂ ਵਾਚਣ ਦੀ ਪਰੰਪਰਾ ਤੋਰੀ। ਸਭ ਤੋਂ ਵੱਧ ਉਨ੍ਹਾਂ ਦੇ ਸੰਵਾਦ ਨੇ ਪੰਜਾਬ ਦੇ ਇਤਿਹਾਸ ਨੂੰ ਸੰਪਰਦਾਇਕ ਸੰਕੀਰਣਤਾ ਤੋਂ ਬਚਾਇਆ।

*The Panjab Past and Present* ਰਿਸਾਲੇ ਦੀ ਸੰਪਾਦਨਾ ਨੇ ਡਾ. ਗੰਡਾ ਸਿੰਘ ਦੇ ਪੰਜਾਬ ਦੇ ਭੂਗੋਲਿਕ, ਰਾਜਨੀਤਕ, ਸਭਿਆਚਾਰਕ ਅਤੇ ਭਾਸ਼ਾਈ ਸੰਕਲਪ ਨੂੰ ਉਜਾਗਰ ਕੀਤਾ। ਪੰਜਾਬ ਇਤਿਹਾਸ ਦੀ ਕਲਪਨਾ ਮੋਹੰਜੋਦੜੋ ਅਤੇ ਵੈਦਿਕ ਕਾਲ ਤੋਂ ਕੀਤੀ ਗਈ। ਇਸ ਕਲਪਨਾ ਨੂੰ ਅਮਲੀ ਜਾਮਾ ਪੰਜਾਬ ਹਿਸਟਰੀ ਕਾਨਫ਼ਰੰਸ ਦੇ ਸਾਲਾਨਾ ਸੈਸ਼ਨਾਂ ਨੇ ਪਹਿਨਾਇਆ। ਡਾ.ਗੰਡਾ ਸਿੰਘ ਨੇ ਇਸ ਰਸਾਲੇ ਵਿਚ ਮਾਹਰ ਇਤਿਹਾਸਕਾਰਾਂ, ਸਮਾਜ-ਸ਼ਾਸਤਰੀਆਂ ਅਤੇ ਸਾਹਿਤਕਾਰਾਂ ਦੇ ਖੋਜ-ਪੱਤਰ ਅਤੇ ਅਭਿਨੰਦਨ ਪੱਤਰ ਪਹਿਲੋਂ ਇਸ ਕਾਨਫ਼ਰੰਸ ਵਿਚ ਪੇਸ਼ ਕਰਵਾਏ ਅਤੇ ਫਿਰ ਪੁਸਤਕੀ ਰੂਪ ਵਿਚ ਸੰਕਲਤ ਕੀਤੇ।

ਸਰ ਅਰਨਾਲਡ ਵਿਲਸਨ, ਰਚੇਤਾ *Bibliography of Persia* ਨੇ ਡਾ. ਗੰਡਾ ਸਿੰਘ ਦੀ ਇਤਿਹਾਸਕਾਰੀ ਦੀ ਲਗਨ ਨੂੰ ਜਗਾਇਆ ਅਤੇ ਉਹ ਆਪਣੀ ਪਹਿਲੀ ਪੁਸਤਕ *My First Thirty Days in Mesopotamia* ਨਾਲ ਵਿਦਿਅਕ ਖੇਤਰ ਵਿਚ ਉਤਰ ਆਏ। ਹੀਰਾ ਸਿੰਘ ਦਰਦ ਦੇ **ਫੁਲਵਾੜੀ** ਨਾਂ ਦੀ ਮਾਸਕ ਪੱਤ੍ਰਿਕਾ ਦੇ ਸੰਪਾਦਕੀ ਮੰਡਲ ਵਿਚ ਸਹਾਇਕ ਐਡੀਟਰ ਦੇ ਤੌਰ 'ਤੇ ਕਾਰਜ ਸ਼ੁਰੂ ਕੀਤਾ। ਸ. ਕਰਮ ਸਿੰਘ ਹਿਸਟੋਰੀਅਨ ਦੇ ਅਚਾਨਕ ਅਕਾਲ ਚਲਾਣੇ 'ਤੇ **ਫੁਲਵਾੜੀ** ਦੇ ਵਿਸ਼ੇਸ਼ ਅੰਕ (ਅਕਤੂਬਰ ਤੇ ਨਵੰਬਰ 1930) ਵਿਚ 'ਸਿੱਖ ਇਤਿਹਾਸ, ਸ. ਕਰਮ ਸਿੰਘ ਤੇ ਸਾਡਾ ਫ਼ਰਜ਼' ਲਿਖਿਆ।

ਉਨ੍ਹਾਂ ਨੇ ਉਮਰ ਭਰ ਆਪਣੇ ਨਾਂ ਨਾਲ ਜਾਤੀਸੂਚਕ ਨਹੀਂ ਵਰਤਿਆ ਕਿਉਂਕਿ ਉਹ 'ਖਾਲਸਾ ਸਿੱਖੀ' ਦੇ 'ਕੁਲਨਾਸ਼' ਦੇ ਸਿਧਾਂਤ ਨੂੰ ਪ੍ਰਣਾਅ ਚੁੱਕੇ ਸਨ। ਸਿੱਖਾਂ ਦੇ ਇਤਿਹਾਸ ਦੀ ਪੜਚੋਲ ਦਾ ਆਗਾਜ਼ ਉਨ੍ਹੀਵੀਂ ਸਦੀ ਦੇ ਆਖ਼ਰੀ ਦਹਾਕਿਆਂ ਵਿਚ ਸਿੰਘ ਸਭਾ ਵਿਦਵਾਨ ਗਿਆਨੀ ਗਿਆਨ ਸਿੰਘ ਦੁਆਰਾ ਸਥਾਪਿਤ ਗੁਰਮਤ ਗ੍ਰੰਥ ਸਭਾ (1885) ਅਤੇ ਗੁਰਮਤ ਗ੍ਰੰਥ ਪ੍ਰਚਾਰਕ ਸਭਾ ਨੇ ਕੀਤਾ। ਗਿਆਨੀ ਗਿਆਨ ਸਿੰਘ ਨੇ ਗੁਰੂ ਨਾਨਕ ਸਾਹਿਬ ਦੇ 'ਅਵਤਾਰ ਧਾਰਨ' ਦੇ ਪਵਿੱਤਰ ਦਿਨ ਬਾਰੇ ਪ੍ਰਸ਼ਨ ਚਿੰਨ੍ਹ ਲਗਾਏ। ਅਰਥਾਤ ਇਹ ਦਿਨ ਵਿਸਾਖ ਸੁਦੀ ਤਿੰਨ ਜਾਂ ਕੱਤਕ ਦੀ ਪੂਰਨਮਾਸ਼ੀ। ਗਿਆਨੀ ਜੀ ਦਾ ਮੱਤ ਸੀ ਕਿ ਗੁਰੂ ਸਾਹਿਬ ਨੇ ਵਿਸਾਖ ਸੁਦੀ ਤਿੰਨ ਨੂੰ ਅਵਤਾਰ ਧਾਰਿਆ। ਗਿਆਨੀ ਜੀ ਦੇ ਆਲੋਚਨਾਤਮਕ ਨਜ਼ਰੀਏ ਨੂੰ ਕਰਮ ਸਿੰਘ ਹਿਸਟੋਰੀਅਨ ਨੇ ਅੱਗੇ ਤੋਰਿਆ। ਤਰਕ ਅਤੇ ਸ੍ਰੋਤਾਂ ਦੇ ਆਧਾਰ ਤੇ **ਕੱਤਕ ਕਿ ਵਿਸਾਖ** ਨਾਂ ਦੀ ਪੁਸਤਕ ਲਿਖੀ। ਇਸ ਆਲੋਚਨਾਤਮਕ ਨਜ਼ਰੀਏ ਦਾ ਪਿਛੋਕੜ ਓਰੀਐਂਟਲ ਵਿਦਵਾਨਾਂ ਦੀਆਂ ਸਿੱਖ ਧਰਮ ਅਤੇ ਇਤਿਹਾਸ ਬਾਰੇ ਲਿਖਤਾਂ ਵਿਚ ਵੀ ਵੇਖਿਆ ਜਾ ਸਕਦਾ ਹੈ।

ਜਦੋਂ ਡਾ. ਗੰਡਾ ਸਿੰਘ ਨੇ ਇਤਿਹਾਸਕਾਰੀ ਦਾ ਆਗਾਜ਼ ਕੀਤਾ, ਉਦੋਂ ਸਿੱਖਾਂ ਦੀ ਮੱਧ ਸ਼੍ਰੇਣੀ ਵਿਚੋਂ ਅਨੇਕਾਂ ਵਿਦਵਾਨ ਸਿੱਖ ਧਰਮ ਅਤੇ ਇਤਿਹਾਸ ਬਾਰੇ ਵਡਮੁੱਲਾ ਸਾਹਿਤ ਰਚ ਚੁੱਕੇ ਸਨ ਕਿਉਂਕਿ ਇਹ ਦੌਰ ਸਿੱਖ ਧਰਮ ਦੀ ਨਿਵੇਕਲੀ ਪਹਿਚਾਣ ਸਥਾਪਤ ਕਰਨ ਦਾ ਅਤੇ ਸੁਧਾਰਕ ਲਹਿਰਾਂ ਦਾ ਦੌਰ ਸੀ; ਇਸ ਲਈ ਸਿੱਖ ਸਾਹਿਤ polemical ਸੀ। ਇਸ ਸਾਹਿਤ ਦੀ ਨੁਮਾਇੰਦਗੀ ਭਾਈ ਕਾਨ੍ਹ ਸਿੰਘ ਨਾਭਾ, ਗਿਆਨੀ ਗੁਰਦਿੱਤ ਸਿੰਘ, ਭਾਈ ਜਵਾਹਰ ਸਿੰਘ ਅਤੇ ਭਗਤ ਲਕਸ਼ਮਣ ਸਿੰਘ ਆਦਿ ਨੇ ਕੀਤੀ। ਵੀਹਵੀਂ ਸਦੀ ਦੇ ਆਰੰਭਕ ਦਹਾਕਿਆਂ ਵਿਚ ਸਿੱਖ ਵਿਦਵਾਨਾਂ, ਲੇਖਕਾਂ ਅਤੇ ਪੱਤਰਕਾਰਾਂ ਨੇ ਸਿੱਖਾਂ ਦੀਆਂ ਰਾਜਨੀਤਕ ਅਕਾਂਖਿਆਵਾਂ ਦਾ ਪ੍ਰਚਾਰ ਕੀਤਾ ਅਤੇ ਅਨੇਕਾਂ ਅਖ਼ਬਾਰਾਂ, ਰਿਸਾਲੇ ਅਤੇ ਕਿਤਾਬਚੇ ਲਿਖੇ। ਇਹ ਸਾਹਿਤ ਬਹੁ-ਭਾਸ਼ਾਈ ਸੀ। ਪ੍ਰਿੰਸੀਪਲ ਤੇਜਾ ਸਿੰਘ, ਪ੍ਰਿੰਸੀਪਲ ਜੋਧ ਸਿੰਘ, ਸਰਦੂਲ ਸਿੰਘ ਕਵੀਸ਼ਰ ਆਦਿ ਨੇ ਇਸ ਸਾਹਿਤ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਗਿਆਨੀ ਹੀਰਾ ਸਿੰਘ ਦਰਦ, ਮਾਸਟਰ ਮੋਤਾ ਸਿੰਘ ਅਤੇ ਸੋਹਨ ਸਿੰਘ ਜੋਸ਼ ਨੇ ਖੱਬੇਪੱਖੀ ਵਿਚਾਰਧਾਰਾ ਨੂੰ ਕਬੂਲਿਆ ਅਤੇ ਰਿਸਾਲੇ ਤੇ ਕਿਤਾਬਚੇ ਪ੍ਰਕਾਸ਼ਿਤ ਕੀਤੇ। ਉਨ੍ਹੀਵੀਂ ਸਦੀ ਦੇ

ਆਖ਼ਰੀ ਅਤੇ ਵੀਹਵੀਂ ਸਦੀ ਦੇ ਆਰੰਭਕ ਦਹਾਕਿਆਂ ਦੇ ਸਿੱਖ ਸਾਹਿਤ ਦੀ annotation, N. G. Barrier ਨੇ ਆਪਣੀ ਕਿਤਾਬ *The Sikhs and Their Literature* (1971) ਵਿਚ ਕੀਤੀ ਹੈ। ਡਾ. ਗੰਡਾ ਸਿੰਘ ਦੇ ਪੂਰਬਾਰਧ ਸਿੱਖ ਲੇਖਕਾਂ ਨੇ ਬੇਸ਼ਕ ਵੱਡੀ ਮਾਤਰਾ ਵਿਚ ਸਾਹਿਤ ਲਿਖਿਆ ਪਰ ਇਹ ਲੇਖਕ ਖ਼ੁਦ ਰਾਜਨੀਤਕ ਨੇਤਾ ਜਾਂ ਰਾਜਨੀਤੀ ਤੋਂ ਪ੍ਰੇਰਿਤ ਸਨ।

ਡਾ. ਮਹਿੰਦਰ ਸਿੰਘ ਅਨੁਸਾਰ ਡਾ. ਗੰਡਾ ਸਿੰਘ ਦੇ ਸਨਮੁਖ ਮਿਆਰੀ ਇਤਿਹਾਸ ਲਿਖਣ ਦਾ ਵੱਡਾ ਟੀਚਾ ਸੀ। ਡਾਕਟਰ ਸਾਹਿਬ ਕੋਲ ਇਸ ਟੀਚੇ ਨੂੰ ਪੂਰਾ ਕਰਨ ਦੀ ਸਮਰੱਥਾ ਵੀ ਸੀ। ਸਮਰੱਥਾ ਦਾ ਵੱਡਾ ਪਹਿਲੂ ਇਹ ਸੀ ਕਿ ਡਾ. ਗੰਡਾ ਸਿੰਘ ਸਵੈ ਸਿੱਖੀ ਜੀਵਨ ਜਿਉਂਦੇ ਸਨ। ਉਨ੍ਹਾਂ ਨੂੰ ਸਿੱਖ ਧਰਮ ਦੇ ਫ਼ਲਸਫ਼ੇ ਅਤੇ ਰਹਿਣੀ-ਬਹਿਣੀ ਦੀ ਨਾ ਕੇਵਲ ਸਮਝ ਸੀ ਸਗੋਂ ਪ੍ਰਤੀਬੱਧਤਾ ਵੀ ਸੀ। ਉਨ੍ਹਾਂ ਨੂੰ ਪੰਜਾਬ ਦੇ ਬਹੁਪੱਖੀ ਸਭਿਆਚਾਰਕ ਇਤਿਹਾਸ ਦੀ ਸਮਝ ਸੀ। ਉਹ ਓਰੀਐਂਟਲ ਵਿਦਵਾਨਾਂ ਦੇ ਸਿੱਖਾਂ ਦੇ ਇਤਿਹਾਸਕ ਪਰਿਪੇਖ ਨੂੰ ਸਮਝਦੇ ਸਨ। ਉਹ ਇਤਿਹਾਸ ਦੇ ਫ਼ਲਸਫ਼ੇ ਅਤੇ methodology ਨੂੰ ਵੀ ਸਮਝਦੇ ਸਨ। ਪ੍ਰੋਫ਼ੈਸਰ ਮੁਹੰਮਦ ਹਬੀਬ ਅਤੇ ਅਨੇਕਾਂ ਸਮਾਜ ਸ਼ਾਸਤਰੀਆਂ ਅਤੇ ਸਾਹਿਤਕਾਰਾਂ ਦੇ ਨਾਲ ਸੰਵਾਦ ਨੇ ਵਿਸ਼ੇਸ਼ ਯੋਗਦਾਨ ਪਾਇਆ। ਡਾ. ਗੰਡਾ ਸਿੰਘ ਸੁਚੇਤ ਸਨ ਕਿ ਸਿੱਖ ਇਤਿਹਾਸ ਨੂੰ ਸਿੱਖ ਕਥਾਵਾਂ ਅਤੇ ਮਿਥਿਹਾਸ ਤੋਂ ਨਿਖੇੜਨਾ ਜ਼ਰੂਰੀ ਹੈ। ਉਹ ਇਸ ਤੱਥ ਤੋਂ ਵੀ ਵਾਕਿਫ਼ ਸਨ ਕਿ ਸਿੱਖ ਮਾਨਤਾਵਾਂ ਅਤੇ ਪਰੰਪਰਾਵਾਂ ਨੂੰ ਦਰਕਿਨਾਰ ਨਹੀਂ ਕੀਤਾ ਜਾ ਸਕਦਾ ਪਰ ਇਨ੍ਹਾਂ 'ਤੇ ਅੰਨ੍ਹੇਵਾਹ ਵਿਸ਼ਵਾਸ ਵੀ ਨਹੀਂ ਕਰਨਾ ਚਾਹੀਦਾ। ਇਤਿਹਾਸਕ ਸੱਚਾਈ ਜਾਣਨ ਲਈ ਮੁੱਢਲੇ (ਸਮਕਾਲੀ) ਸ੍ਰੋਤਾਂ ਦਾ ਅਧਿਅਨ ਕਰਨਾ ਲਾਜ਼ਮੀ ਹੈ।

ਮੁਸਲਿਮ, ਹਿੰਦੂ ਅਤੇ ਅੰਗਰੇਜ਼ ਵਿਦਵਾਨਾਂ ਨੇ ਸਿੱਖ ਇਤਿਹਾਸ ਵਿਗਾੜ ਕੇ ਪੇਸ਼ ਕੀਤਾ। ਡਾ. ਗੰਡਾ ਸਿੰਘ ਨੇ ਇਸ ਵਿਗਾੜ ਨੂੰ ਠੀਕ ਕਰਨ ਦਾ ਬੀੜਾ ਉਠਾਇਆ। ਉਦਾਹਰਣ ਦੇ ਲਈ ਉਨ੍ਹਾਂ ਨੇ ਗੁਰੂ ਅਰਜਨ ਦੇਵ ਅਤੇ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਬਾਰੇ ਰਵਾਇਤੀ ਵਿਆਖਿਆ ਨੂੰ ਤਰਕਹੀਣ ਦੱਸਿਆ। ਗੁਰੂ ਗੋਬਿੰਦ ਸਿੰਘ ਦੀ ਜੋਤੀ ਜੋਤ ਸਮਾਉਣ (7 ਅਕਤੂਬਰ 1708) ਬਾਰੇ ਪਾਏ ਭੁਲੇਖੇ ਨੂੰ ਤੱਥਗਤ ਰੂਪ ਵਿਚ ਦੂਰ ਕੀਤਾ। ਡਾ. ਗੰਡਾ ਸਿੰਘ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਸਿੱਖਾਂ ਦਾ ਮਹਾਨ ਜਰਨੈਲ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ ਅੰਮ੍ਰਿਤ ਛਕਾਇਆ, ਪੰਜ ਤੀਰਾਂ ਦੇ ਭੱਥੇ ਬਖਸ਼ੇ ਅਤੇ ਚੁਣਵੇਂ ਸਿੰਘਾਂ ਨਾਲ ਪੰਜਾਬ ਭੇਜਿਆ। ਮੁਸਲਿਮ ਇਤਿਹਾਸਕਾਰਾਂ ਨੇ ਉਸਦੇ ਕਿਰਦਾਰ ਨੂੰ ਜਾਣ ਬੁਝ ਕੇ ਦਾਗ਼ਦਾਰ ਕੀਤਾ। ਤਤ ਖਾਲਸਾ ਅਤੇ ਬੰਦਈ ਖਾਲਸਾ ਦੀ ਅਖੌਤੀ ਧੜੇਬੰਦੀ ਪੈਦਾ ਕੀਤੀ। ਡਾ. ਗੰਡਾ ਸਿੰਘ ਨੇ ਫ਼ਾਰਸੀ ਦੇ ਸਮਕਾਲੀ ਸ੍ਰੋਤਾਂ ਦੀ ਪੁਣਛਾਣ ਕਰਕੇ *Life of Banda Singh Bahadur* ਨਾਂ ਦੀ ਮਿਆਰੀ ਕਿਤਾਬ ਲਿਖੀ।

ਮਹਾਰਾਜਾ ਰਣਜੀਤ ਸਿੰਘ ਦੇ ਅਕਾਲ-ਚਲਾਣੇ (1839) ਤੋਂ ਇਕ ਦਹਾਕੇ ਵਿਚ ਸਿੱਖ ਰਾਜ ਢਹਿ ਢੇਰੀ ਹੋ ਗਿਆ। ਇਤਿਹਾਸਕਾਰਾਂ ਨੇ ਇਸ ਰਾਜ ਦੇ ਵਿਗਠਨ ਦੇ ਕਈ ਪਰਿਪੇਖ ਪੇਸ਼ ਕੀਤੇ ਹਨ। ਮਹਾਰਾਜਾ ਰਣਜੀਤ ਸਿੰਘ ਦੇ ਨਲਾਇਕ ਵਾਰਸ, ਡੋਗਰਾ ਜਾਂ ਜੰਮਵਾਲ ਭਰਾਵਾਂ ਦੀ ਸਿੱਖ ਰਾਜ ਨਾਲ ਗੱਦਾਰੀ, ਫ਼ੌਜੀ ਸੰਗਠਨ ਦੇ ਬਣਤਰ ਦੀਆਂ ਕਮਜ਼ੋਰੀਆਂ ਅਤੇ ਬੇਲੋੜਾ ਪਾਸਾਰ; ਬਰਤਾਨਵੀ ਹਕੂਮਤ ਦੀ ਪਾਸਾਰਵਾਦ ਦੀ ਨੀਤੀ ਅਤੇ ਸਿੱਖ ਰਾਜ ਦੇ ਪ੍ਰਬੰਧ ਵਿਚ ਦਖ਼ਲਅੰਦਾਜ਼ੀ ਆਦਿ। ਡਾਕਟਰ ਗੰਡਾ ਸਿੰਘ ਦੀ ਧਾਰਨਾ ਸੀ ਕਿ ਡੋਗਰੇ ਜਰਨੈਲਾਂ ਦੀ ਗੱਦਾਰੀ ਐਂਗਲੋ-ਸਿੱਖ ਯੁੱਧਾਂ ਵਿਚ ਖ਼ਾਲਸਾ ਫ਼ੌਜ ਦੇ ਹਾਰਨ ਦਾ ਮੁੱਖ ਕਾਰਨ ਸੀ। ਪਰ ਡਾਕਟਰ ਗੰਡਾ ਸਿੰਘ ਦਾ ਸਭ ਤੋਂ ਵਡਮੁੱਲਾ ਕੰਮ ਮਹਾਰਾਜਾ ਦਲੀਪ ਸਿੰਘ ਨਾਲ ਸੰਬੰਧਤ ਸਰਕਾਰੀ ਰਿਕਾਰਡ ਤੇ ਅਫ਼ਸਰਾਂ ਦੇ ਨਿੱਜੀ ਦਸਤਾਵੇਜ਼ਾਂ ਦੀ ਸੰਪਾਦਨਾ ਸੀ। ਜੇ ਇਸ ਵੱਡ ਆਕਾਰੀ ਪੁਸਤਕ *Maharaja Duleep Singh Correspondence* (Punjabi University, 1977) ਅਤੇ ਹੋਰ ਇਤਿਹਾਸਕਾਰਾਂ ਦੀ ਖੋਜ ਨੂੰ ਧਿਆਨ ਵਿਚ ਰੱਖਿਆ ਜਾਵੇ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ 1857 ਤੋਂ 1886 ਈ. ਤਕ ਕੁਲੀਨ ਵਰਗ ਦੇ ਸਿੱਖ ਆਗੂਆਂ ਅਤੇ ਵਿਦਵਾਨਾਂ ਨੇ ਬਰਤਾਨਵੀ ਹਕੂਮਤ ਨਾਲ ਅਜੇਹੀ ਭਾਈਵਾਲੀ ਪਾਈ ਕਿ ਇਨ੍ਹਾਂ ਦੀ ਅੰਨ੍ਹੀ ਰਾਜ ਭਗਤੀ ਨੇ ਮਹਾਰਾਜਾ ਦਲੀਪ ਸਿੰਘ ਨੂੰ 'ਦਗੇਬਾਜ਼ ਝੂਠਾ ਦਾਅਵੇਦਾਰ' ਕਰਾਰ ਦਿੱਤਾ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਨਿੰਦਿਆ ਕੀਤੀ ਅਤੇ ਅੰਗਰੇਜ਼ੀ ਦੀ ਵਡਿਆਈ ਕੀਤੀ। ਇਨ੍ਹਾਂ ਆਗੂਆਂ ਨੇ ਆਪਣੀ ਮਲਿਕਾ ਰਾਣੀ ਲਈ ਮਰ ਮਿੱਟਣ ਦਾ ਐਲਾਨ ਕੀਤਾ। 1857 ਦੇ ਗ਼ਦਰ ਵਿਚ ਜਿਸ ਨੂੰ ਰਾਸ਼ਟਰੀ ਇਤਿਹਾਸਕਾਰ ਭਾਰਤ ਦੀ ਜੰਗੇ ਆਜ਼ਾਦੀ ਦੀ ਪਹਿਲੀ ਲੜਾਈ ਮੰਨਦੇ ਹਨ, ਸਿੱਖਾਂ ਦੀ ਨਾਕਾਰਾਤਮਕ ਭੂਮਿਕਾ ਦੀ ਚਰਚਾ ਕੀਤੀ। ਡਾ. ਗੰਡਾ ਸਿੰਘ ਅਨੁਸਾਰ ਇਹ ਸਿੱਖਾਂ ਨਾਲ ਬੇਇਨਸਾਫ਼ੀ ਸੀ। ਰਾਸ਼ਟਰੀ ਇਤਿਹਾਸਕਾਰਾਂ ਅਤੇ ਪੱਤਰਕਾਰਾਂ ਨੇ ਕਈ ਬੁਨਿਆਦੀ ਤੱਥਾਂ ਨੂੰ ਅੱਖੋਂ ਪਰੋਖੇ ਕਰ ਦਿੱਤਾ। ਪਹਿਲਾ ਇਨ੍ਹਾਂ ਸਿੱਖ ਰਿਆਸਤੀ ਰਾਜਿਆਂ ਅਤੇ ਰਜਵਾੜਿਆਂ ਦੇ ਸਰਕਾਰਪੱਖੀ ਭੂਮਿਕਾ ਨੂੰ ਸਿੱਖ ਕਿਰਤੀ-ਕਿਸਾਨਾਂ ਦੀ ਭੂਮਿਕਾ ਮੰਨ ਲਿਆ ਅਤੇ ਇਲਜ਼ਾਮ ਲਾਇਆ ਕਿ ਪੰਜਾਬ ਵਿਚ ਗ਼ਦਰ ਦੀ ਅਸਫ਼ਲਤਾ ਲਈ ਸਿੱਖ ਜ਼ਿੰਮੇਵਾਰ ਸਨ। ਡਾਕਟਰ ਗੰਡਾ ਸਿੰਘ ਅਨੁਸਾਰ ਸਿੱਖ ਹਾਕਮ ਜਮਾਤ ਹਮੇਸ਼ਾ ਹੀ ਸੱਤਾਧਾਰੀ ਧਿਰ ਦਾ ਪੱਖ ਪੂਰਦੇ ਆਏ ਹਨ ਅਤੇ ਉਨ੍ਹਾਂ ਦੀ ਵਫ਼ਾਦਾਰੀ ਨੂੰ ਆਮ ਸਿੱਖਾਂ ਦੀ ਅੰਗਰੇਜ਼ ਪ੍ਰਤੀ ਵਫ਼ਾਦਾਰੀ ਨਹੀਂ ਆਖੀ ਜਾ ਸਕਦੀ।

ਡਾ. ਗੰਡਾ ਸਿੰਘ ਨੇ ਸਿੱਖ ਇਤਿਹਾਸ ਦੇ ਖੋਜਾਰਥੀਆਂ ਦੀ ਬੁਨਿਆਦੀ ਲੋੜ ਨੂੰ *Bibliograhy of the Punjab* ਦੀ ਸੰਪਾਦਨਾ ਕਰਕੇ ਪੂਰਾ ਕੀਤਾ। ਸਿੱਖ ਇਤਿਹਾਸ ਦੇ ਫਾਰਸੀ, ਉਰਦੂ, ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਦੇ ਮੁੱਢਲੇ ਸ੍ਰੋਤ ਦੇਸਾਂ-ਬਦੇਸਾਂ ਦੀਆਂ ਨਿੱਜੀ ਅਤੇ ਪਬਲਿਕ ਲਾਇਬ੍ਰੇਰੀਆਂ ਅਤੇ State Archives ਵਿਚ ਖਿੱਲਰੇ ਅਤੇ ਬੱਝੇ ਪਏ ਸਨ। ਇਨ੍ਹਾਂ ਸ੍ਰੋਤਾਂ ਦੀ ਜਾਣਕਾਰੀ ਅਧਿਆਪਕਾਂ ਅਤੇ ਵਿਦਵਾਨਾਂ ਨੂੰ ਨਹੀਂ ਸੀ। ਜਿਨ੍ਹਾਂ ਵਿਦਵਾਨਾਂ ਨੂੰ ਕੁਝ ਜਾਣਕਾਰੀ ਸੀ, ਇਹ ਸ੍ਰੋਤ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਸਨ। ਨਵੀਨ ਖਰੜੇ, ਦਸਤਾਵੇਜ਼, ਕਿਤਾਬਾਂ ਤੇ ਕਿਤਾਬਚੇ, ਰਸਾਲੇ ਅਤੇ ਅਖ਼ਬਾਰ ਵਿਚ ਕਿਸ ਤਰ੍ਹਾਂ ਦੀ ਜਾਣਕਾਰੀ ਉਪਲਬਧ ਹੈ, annotation ਜਾਂ ਵਿਆਖਿਆ ਦਾ ਇਹ ਕਾਰਜ ਕਰਨਾ ਬਾਕੀ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੱਛਮੀ ਅਤੇ ਓਰੀਐਂਟਲ ਵਿਦਵਾਨਾਂ ਨੇ ਸਿੱਖ ਧਰਮ, ਸਮਾਜ, ਰਾਜਨੀਤੀ ਅਤੇ ਸਭਿਆਚਾਰ ਬਾਰੇ ਸਿੱਖ ਗ੍ਰੰਥਾਂ ਅਤੇ ਸਾਹਿਤ ਦੇ ਮਹੱਤਵ ਨੂੰ ਸਮਝਿਆ ਅਤੇ ਵਿਆਖਿਆ ਕੀਤੀ ਸੀ। ਪਰ ਇਹ ਡਾ. ਗੰਡਾ ਸਿੰਘ ਹੀ ਸਨ ਜਿਨ੍ਹਾਂ ਇਹ ਬੁਨਿਆਦੀ ਕੰਮ 1919 ਈ. ਵਿਚ ਸ਼ੁਰੂ ਕੀਤਾ। ਦਹਾਕਿਆਂ ਦੀ ਘਾਲਣਾ ਤੋਂ ਬਾਦ ਉਪਰੋਕਤ ਬਿਬਲੀਓਗ੍ਰਾਫੀ ਤਿਆਰ ਕੀਤੀ ਅਤੇ 1966 ਈ. ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪ੍ਰਕਾਸ਼ਿਤ ਕੀਤੀ।

ਡਾਕਟਰ ਗੰਡਾ ਸਿੰਘ ਦੀ ਮਾਨਤਾ ਅਤੇ ਵਿਸ਼ਵਾਸ ਸੀ ਕਿ ਇਤਿਹਾਸਕ ਘਟਨਾਵਾਂ ਦੀ ਸਮਝ ਅਤੇ ਵਿਆਖਿਆ ਸਮਕਾਲੀ ਸ੍ਰੋਤਾਂ ਦੇ ਆਧਾਰ ਉੱਤੇ ਹੋਣੀ ਚਾਹੀਦੀ ਹੈ। ਹਰ ਘਟਨਾ ਨਾਲ ਜੁੜੇ ਲੋਕਾਂ, ਸੱਤਾਧਾਰੀ ਪਾਤਰਾਂ ਦੀ ਨੀਅਤ ਅਤੇ ਨੀਤੀ ਨੂੰ ਸਮਝਣਾ ਜ਼ਰੂਰੀ ਹੈ। ਡਾਕਟਰ ਸਾਹਿਬ ਦੀ ਇਹ ਤਕਨੀਕ ਅਤੇ ਵਿਆਖਿਆ ਉਨ੍ਹਾਂ ਦੁਆਰਾ ਸੰਪਾਦਿਤ **ਸ੍ਰੀ ਗੁਰੂ ਸੋਭਾ** (1967), **ਹੁਕਮਨਾਮੇ** (1967), **ਭਾਈ ਨੰਦ ਲਾਲ ਗ੍ਰੰਥਾਵਲੀ, ਕੂਕਿਆਂ ਦੀ ਵਿਥਿਆ, ਕੰਟੈਂਪਰੇਰੀ ਸੋਰਸਿਜ਼ ਆਫ਼ ਸਿੱਖ ਹਿਸਟਰੀ** (1469-1707), **ਡਿਪੋਰਟੇਸ਼ਨ ਆਫ਼ ਲਾਲਾ ਲਾਜਪਤ ਰਾਏ ਐਂਡ ਸਰਦਾਰ ਅਜੀਤ ਸਿੰਘ** (1978), **ਸਿਡੀਸ਼ੀਅਸ ਲਿਟਰੇਚਰ ਆਫ਼ ਦਿ ਪੰਜਾਬ** (1987), **ਕਾਨਫ਼ੀਡੈਂਸ਼ਲ ਪੇਪਰਜ਼ ਆਫ਼ ਅਕਾਲੀ ਮੂਵਮੈਂਟ** ਵਿਚ ਵੇਖੀ ਜਾ ਸਕਦੀ ਹੈ।

ਭਾਵੇਂ ਡਾਕਟਰ ਗੰਡਾ ਸਿੰਘ ਦੀ ਵਿਦਵਤਾ ਅਤੇ ਗੰਭੀਰ ਖੋਜ ਕਾਰਜ ਲਈ ਅਨੇਕਾਂ ਸਭਿਆਚਾਰਕ, ਵਿੱਦਿਅਕ, ਸਾਹਿਤਕ ਅਤੇ ਇਤਿਹਾਸ ਦੀਆਂ ਦੇਸ-ਬਦੇਸ ਦੀਆਂ ਸੰਸਥਾਵਾਂ, ਸੂਬਾਈ ਅਤੇ ਕੇਂਦਰੀ ਸਰਕਾਰਾਂ ਨੇ ਸਨਮਾਨ ਵਜੋਂ ਅਭਿਨੰਦਨ ਗ੍ਰੰਥ ਅਤੇ ਪੁਰਸਕਾਰ ਪੇਸ਼ ਕੀਤੇ। ਉਨ੍ਹਾਂ ਦੇ ਸਮਕਾਲੀ ਵਿਦਵਾਨਾਂ ਨੇ ਖੋਜ-ਪੱਤਰ ਸੰਪਾਦਤ ਕੀਤੇ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਡਾਕਟਰ ਆਫ਼ ਲਿਟਰੇਚਰ ਦੀ ਡਿਗਰੀ (1978) ਪ੍ਰਦਾਨ ਕੀਤੀ ਅਤੇ ਡਾ. ਗੰਡਾ ਸਿੰਘ ਯਾਦਗਾਰੀ ਲੈਕਚਰ ਦੀ ਸਥਾਪਨਾ ਕੀਤੀ। 1984 ਈ. ਨੂੰ ਭਾਰਤ ਸਰਕਾਰ ਨੇ 'ਪਦਮ ਭੂਸ਼ਨ' ਉਪਾਧੀ ਨਾਲ ਸਨਮਾਨਤ ਕੀਤਾ। ਡਾ. ਮਹਿੰਦਰ ਸਿੰਘ ਨੇ **ਡਾਕਟਰ ਗੰਡਾ ਸਿੰਘ: ਇਤਿਹਾਸਕਾਰ ਤੇ ਸੰਸਥਾਵਾਂ ਦੇ ਉਸਰੱਈਏ** ਜੀਵਨੀ ਲਿਖ ਕੇ ਉਨ੍ਹਾਂ ਦੇ ਨਿੱਜੀ ਜੀਵਨ ਬਾਰੇ ਉਹ ਜਾਣਕਾਰੀ ਪ੍ਰਦਾਨ ਕੀਤੀ ਹੈ ਜਿਹੜੀ ਅਣਗੌਲੀ ਰਹਿ ਗਈ ਸੀ। ਡਾ. ਮਹਿੰਦਰ ਸਿੰਘ ਨੇ ਇਹ ਵੀ ਜਾਣਕਾਰੀ ਦਿੱਤੀ ਹੈ ਕਿ ਡਾ. ਗੰਡਾ ਸਿੰਘ ਕਿਵੇਂ ਇਤਿਹਾਸਕਾਰ ਬਣੇ ਅਤੇ ਉਹ ਕਿਵੇਂ ਇਤਿਹਾਸ ਲਿਖਦੇ ਸਨ।

❖ **ਡਾ. ਜੋਗਿੰਦਰ ਸਿੰਘ**, ਡਾਇਰੈਕਟਰ, ਭਾਈ ਵੀਰ ਸਿੰਘ ਨਿਵਾਸ-ਅਸਥਾਨ, ਅੰਮ੍ਰਿਤਸਰ

# Panjab's Struggle for Freedom through the Ages

❖ Dr. Ganda Singh

The Panjab has been called the sword-arm of India. It has been truly so throughout the ages. The geographical position of the Panjab has always placed its sons as sentinels at the north-western gates of India. All important invasions of this great subcontinent have been led through the northern passes, crossing the Indus near Attock. Like the early immigrants, the Greeks, the Afghans, the Mughals and the Iranis and the Durranis swooped down upon the country from the north-west and the Panjabis had always to face the first blows in its defence. But never did an invader had an easy walk over. The people of the Panjab offered a bold front and a stout resistance. Smeared with Panjabi blood and fat, the blunted swords of the invaders were not unoften rendered useless for further execution in India. The Panjabis fought for every inch of the land and continued to fight single-handed even the losing battles, year in and year out, not only for decades but for centuries. The freedom loving Panjabis knew no defeat. If they fell down, overpowered and lay unconscious for a time, weakened by excessive bleeding, they rose again to continue the struggle with renewed vigour. They won or they died fighting. This trait is common to the land of the five rivers and is still traceable in the character of the blue-blooded sons of the Panjab who would prefer death to a dishonourable existence.

This is not true of them in the field of battle alone. It is equally true of them in other fields as well. Their struggle against religious bigotry, social tyranny or political domination goes back to the days of early Aryan immigration. They would not accept the Vedic or Brahmanical culture as propounded by its priests. For centuries they stood against its dogmas. The independence of the Panjabis is adversely commented upon by the conservative Aryan author of the *Mahabharata* who described them as "living in the state of kingless anarchy and as possessing no Brahmans, living in petty villages and governed by princes who supported themselves by internecine war." They were so free from social taboos and inhibitions and in religious practices and observances as to invite criticism of the Brahmanical Aryans who called them uncultured. "Not only were there no Brahmins but there were no castes', continues the same author. "The population had no respect for the Veda and offered no sacrifices to the gods. They were rude and uncultured, given to drinking spirituous liquors and eating all kinds of flesh." (Grierson, *Ling. Sur.* IX., *Mahabharata.*)

During his invasion, Alexander the Great found the Panjab sown with a rich crop of small States, like the democratic City States of Greece, all self-sufficient and independent. It was due to their love of independence and stubborn opposition at every state in the country that the progress of the Macedonian advance became slow and was ultimately checked on the border of the Jullundur *doab*. All eloquence of Alexander, the allurements of rich booty and promises of glorious triumphs in the Gangetic *doab* failed to prevail upon the exhausted Greek soldiers to move further into the country. Alexander was, therefore, forced to beat a retreat. Immediately after the departure of Alexander from the Panjab, the people of the subjugated areas rose in rebellion, killed the Macedonian governor and dispersed the Greek force.

From the second century B.C. to the middle of the sixth century A.D. came in waves of the Parthians, the Sythians and the Huns who were, in turn, subverted by the Turks in 555. Then came in the Muslims. Their first inroad in India took place in 711 A.D. under Muhamad-bin-Qasim who conquered Sindh and laid the foundation of the Muslim rule in India. The onrushing Muslim invaders, who had, within the brief space of eighty years from the great Prophet's death become the masters not only of Arabia but also of Persia, Syria, Western Turkistan, Sindh, Egypt and southern Spain, received the first real check to their Indiaward advance in the Panjab. It took as many as two hundred and fifty years before they could have a foothold in the country. The first Muslim dynasty to be established in this country was that of the Ghaznavis (960-1189). And when under the Lodhis the pinch of their tyranny was felt everywhere and the common man was so cowed down that he was afraid even to remonstrate, it was a saint of the Panjab, Guru Nanak, who protested against it and sang it aloud to his people. Unlike many other saints and reformers of India, he did not confine himself to a life of prayer and devotion. He was a man of the people. He lived and moved amongst them. His heart bled to see the political condition of the country which he described in one of his hymns in the *Majh ki Var.* He says :–

> *Kings are butchers, cruelty their knife. Dharma, or the sense of duty, has taken wings and vanished. Falsehood prevails like the darkness of the darkest night. The moon of truth is not to be seen anywhere. I have tired myself in search but the path (of righteousness) is not visible. In Ego the world is suffering; how shall it be saved? How helpless the people were against the Mughal invader is mentioned by him in the Rag Tilang:– With the bridal procession of sin, Babar issued forth from Kabul and by force demanded the land of the bride. Modesty and religion have disappeared and Falsehood marcheth in the van. People sing the Paean of murder and smear themselves with saffron of blood.*

He was moved almost to a heart-breaking point when he saw the pitiable condition of the women-folk of his country at the hands of the Mughal.

They, who wore beautiful tresses and had the partings of their hair dyed with vermilion, have their locks now shorn with scissors, and dust is thrown upon their heads.

Broken are their strings of pearls. Wealth and beauty have now become their bane. Dishonoured, and with ropes round their necks, they are carried away by soldiers.

When Babar's rule was proclaimed, no one could eat his food. If a powerful person were to attack another powerful person, there shall be no anger in my mind, but a ferocious lion falls upon a herd of cattle, the master of the herd should show his manliness.

Guru Nanak was not the person to sit idle in slumbering meditation while his people were groaning under the heel of the oppressor and were being slowly squeezed out of social and political existence. He knew his countrymen and their potentialities which lay dormant in the deep and inner recesses of their emasculated minds. They had only to be relumed with Promethian fire, and this he undertook to do.

The atmosphere was not favourable. As he raised his voice against the oppression of the Muslim ruling class, they could not take kindly to him. On the other hand, his field-work was mostly amongst the Hindus, who had not only been politically crushed but had also been religiously exploited and socially suppressed by the priestly class. They Brahman could not see them freed from his shackles. Guru Nanak was, therefore, dubbed as a kurahiya, a heretic. But he had unflinching faith in God, and in his own mission. He believed that he could work miracles in the transformation of His creatures. Singing His praises in *Majh ki Var,* he said :

> *God can cause lion, hawks, kestrels and falcons to eat grass. And the animals which eat grass, He can cause to eat meat. Such a custom He can establish. He can appoint a worm to sovereignty and reduce an army to ashes.*

This was a veiled message of hope to the people to shake off their cowardice and dependence. He soon created the institutions of *Sangat* (mixed congregations) and *pangat* (dining together) which brought before the people the vision of a classless democratic society where the high and the low and the rich and the poor could move freely and claim equal status. This raised Guru Nanak into a symbol and tradition of manly independence and self-reliance. His torch was taken up by his devoted successors who gave to the Panjabis a unifying organization and a rallying centre.

The last of the line was the soldier-saint Guru Gobind Singh who created a new people of them by a process of complete democratization. His humility and voluntary submission to the discipline created by himself are living monuments of a true and honest democracy and stand unparalleled in the history of religious, social and political institutions of the world.

The power-mad Rajas of the Shivaliks looked upon this popular movement with suspicion and conspired with the great Mughals to smother it in its infancy. Thus was Guru Gobind Singh forced to take to the sword in defence of his people and ideal. He had to fight as many as fourteen battles and was decisively victorious in twelve of them.

The emboldened the people of the Panjab for great ventures for freedom from Mughal tyranny. After the death of the last Guru, his disciple Banda Singh launched upon an armed offensive against the Mughals and succeeded in freeing the entire eastern and southern Panjab (which now forms the part of India). But the Mughal Government was yet too strong for the rising aspirants. Banda Singh and his comrades were captured and tortured to death at Delhi in Mach-June, 1716.

Although Banda Singh and his companions are no more and their dust returned to dust two hundred and sixty years ago, their names still remain writ large on the roll of immortality for their selfless sacrifices at the attar of independence. Banda Singh was the first man in the Panjab not only to raise the social status of the down-trodden *shudras* and the so-called untouchables but also to place them on equal level with those of the upper classes in the administration of his new State. He introduced one of the greatest fiscal reforms in the country by abolishing the Zamindari system of the Mughals and made the actual cultivatos of the soil the proprietors of their holdings. And above every thing else, it was through him that the long-lost path of conquest and practical freedom was discovered by the people of the Panjab.

The Sikhs had now to face a regular campaign of wholesale extermination launched against them by the Mughal government. 'A royal edict,' according to the *Akhbar-i-Darbar-i-Mualla* and the *Miftah-u-Tawarikh,* "was issued by Emperor Bahadur Shah on December, 10, 1710, and repeated by Emperor Farrukh Siyar ordering all who belonged to the faith of Sikhism *Nanak-prastan* to be indiscriminately put to death wherever found". And "to give effect to this mandate a reward," according to John Malcolm, "was offered for the head of every Sikh".

For a time the movement appeared to have died out. In fact, it had gone underground and was gathering strength. The people found a favouable opportunity to rise again during the invasion of Nadir Shah in 1739. While the Panjabis were preparing to fight the common enemy., the imperial courtiers at Delhi were carrying on intrigues with him. In fact, he had been invited to India by them. Mirza Qalandar Beg, the administrator of Gujarat, in his message to Nawab Zakariya Khan at Lahore, according to poet Nijabat, says :

> *Here in the country of the Panjab have we enjoyed pelf and power. If we show our backs now and desert it, the world will shower reproaches upon us.We are prepared to lay down out lives if India can be saved. (Var Nadir Shah, XXVII, 477-80)*

Upbraiding the countries of Delhi for their cowardice and treachery, Ali Haider, a contemporary poet of the Panjab, calls them 'impotents' and 'eunuchs', and says :

There appears to be no poison available which these fellows should eat and die. These Hindustanis have no sense of shame.

> *Shameless are these Rajas, and equally shameless are the Turani nobles. The hateful ones are giving away treasurefuls to the Persians and Khurasanis. They should shave off their beards, woe be to these women-likes… these eunuchs and impotents. –(Si-harfian)*

The history of the Panjab during the thirties, forties and early fifties of the eighteenth century is full of harrowing tails of the executions of the rebel Sikhs, not only of the leaders but

also of the common men, women, and children in hundreds and thousands. *Minars* and pyramids of their heads were raised in Lahore and their headless bodies were piled up in large heaps in the *Bazaar Nakhas* on the site of the present Landa Bazar. The governorship of Mir Mannu is notorious in the annals of the Panjab as responsible for hacking to pieces young babies in the presence of their mothers and hanging these pieces young babies in the presence of their mothers and hanging these pieces round their mothers' necks, evidently to overawe them to betray their menfolk fighting for freedom. And history does not record a single instance of these valiant fighters swerving from the path of sacrifice which they had chosen for themselves.

A new calamity swooped down upon India in the middle of the eighteenth century when Ahmed Shah Durrani led his Afghan hordes for booty and conquest. This was a new danger to the fighters for freedom. They had not been able to shake off the old Mughal yoke completely when a new one threatened them with worse and greater oppression. The sons of the Panjab, however, accepted the challenge and were at last successful in pushing back the Afghans beyond the Indus.

The victory of Sirhind on January 14, 1764, on the third anniversary of the Third battle of Panipat, removed from the cis-Sutlej Panjab every trace of foreign bondage and paved the way for the freedom of the trans-Sutlej Panjab in the following year.

The country was, however, not destined to enjoy its independence for more than eighty-four years when, in 1849, it fell a victim to machinations of the British in India.

The Panjab was still writing and chafing at the loss of its independence when the mutiny of 1857 took place. The native regiments from the U.P., which had rebelled, had fought against the Panjab in 1845-46, when it was struggling for its independence, and had taken a leading part in subjugating the country for the British in 1848-49. The memory was so fresh that the Panjabis could not take up the cause of their immediate enemies without being reconciled, consulted and invited. Moreover, the people of the Panjab, particularly the Sikhs, had suffered very heavily at the hands of the Mughals during the seventeenth and eighteenth centuries. The mutineers now wished to restore a descendant of theirs to the throne of Delhi. Him the People of the Panjab could not be persuades to fight fir.

However, the spirit of independence was still there, and within four years of the mutiny it came to the surface in the shape of the Kooka movement under the leadership of Baba Ram Singh of Bhaini. The Kookas in a way, boycotted the British machinery of administration and communication in the province and set up a parallel government with their own Subas (district administration). They tried to establish relations with Nepal and Afghanistan. Their activities were soon detected by the Government and the police kept a regular vigilance over them. In January 1872, they came in conflict with the local authorities at Malerkotla where they were apprehended and sixtyfive of them were blown away from the guns.

Baba Ram Singh and twelve of his lieutenants were exiled from the Panjab and the headquarters of the movement of Bhaini (District Ludhiana) was watched by the police for some fifty years. Baba Ram Singh died in exile at Rangoon on November 29, 1884.

The spring and summer of 1907 saw the beginnings of the new political agitation in the Panjab in connection with the Colony Bill of 1907 which was regarded as unduly oppressive to the Panjabi colonists in the Lyallpur district. The stirring poems of Banke Dayal *(Pagri Sambhal O Jatta, Pagri Sambhal O)* and the fire-breathing speeches of Lala Lajpat Rai and Sardar Ajit Singh worked up the rural agriculturists against the Government. Lajpat Rai and Ajit Singh were deported to Burma. The agitation was, however, successful in persuading the Vicroy Lord Minto to withhold his sanction to the Bill.

Ajit Singh disappeared to Persia and then to the U.S.A. where he got in touch with the Hindustan Ghadar Party of San Francisco organized by the Panjabis there on November 1, 1913.

The object of this revolutionary association was to spread rebellion in India and free the country from under the yoke of the British. The Ghadarites were pioneers in the field of an armed revolution for Indian independence on an extensive scale, and the vast volume of their records are awaiting the researchful scrutiny of scholars to unravel the story of their sacrifices for the cause of the motherland.

The Ghadarites organized a regular rebellion in a number of Panjabi regiments and the date fixed for it was February 21, 1915, later on changed to February 19. But as the secret had leaked out, the precautionary measures of the Government proved as effective check. The leaders and active workers were all arrested and tried under three different cases. Seventeen of them were hanged and a large number of them were sent to jail for life.

The Komagata-maru episode (1914) and the Rikabganj Delhi agitation added fresh fuel to the smouldering fire. The massacre of Jallianwala Bagh at Amritsar followed by great sacrifices of the Sikhs during the Akali movement in the Panjab lent fresh vigour to the Indian National Congress under the guidance of Mahatma Gandhi, according to whom the 'first decisive battle for India's freedom was won' at Amritsar in January 1922 in the 'Darbar-Sahib-keys *Morcha.*' The Guru-ka-Bagh and Jaito *Morchas* are memorable events in the history of the Panjab. They lowered the prestige of the British bureaucrats in the eyes of the masses who were encouraged to greater ventures in the cause of India's independence.

The original organizer of the great INA (Azad Hindi Fauj), General Mohan Singh, was a son of the Panjab as also were the first three heroes of the INA, General Shah Nawaz and Colonels Prem K. Sehgal and Gurbakhash Singh Dhillon who were tried by a court martial in 1945.

And in the end it may be mentioned that if the Panjab leaders had not rejected the offers of Mr. Muhammad Ali Jinnah and had not protested against the inclusion of the Panjab in Pakistan, the Land of Fiver Rivers would, perhaps, have been completely lost to India.

Courtesy : *The Panjab Past and Present*
(Vol-X, Part-1+2, April 1976)

✧ ✧ ✧ ✧ ✧

# 100 ਸਾਲ ਪਹਿਲਾਂ

**ਜਨਵਰੀ 27, 1921**

## ਜੇਹਲਮ ਵਿੱਚ ਸ਼ੁੱਧੀ

ਸਿੱਖਾਂ ਦੇ ਵੱਲੋ ਧਰਮ ਪ੍ਰਚਾਰ ਦਾ ਕੰਮ ਕੁਝ ਦਿਨਾਂ ਤੋਂ ਸੁਸਤ ਹੋ ਰਿਹਾ ਹੈ, ਅਨਯਮਤੀ ਤੇ ਖਾਸ ਕਰ ਹਿੰਦੂ ਨਸਲ ਤੋਂ ਅੱਡ ਜਾਤੀਆਂ ਦੇ ਮਨੁਖਾਂ ਨੂੰ ਸ੍ਰੀ ਗੁਰੂ ਕਲਗੀਧਰ ਜੀ ਦੀ ਅੰਮ੍ਰਤ ਛਕਾ ਅਕਾਲੀ ਝੰਡੇ ਹੇਠ ਲਿਆਉਣ ਦਾ ਕੰਮ ਤਾਂ ਇੰਨਾਂ ਸਿਥਲ ਹੋ ਗਿਆ ਹੈ ਕਿ ਜੇ ਇਹ ਕੈਹ ਦਿੱਤਾ ਜਾਏ ਕਿ ਇਸ ਪਹਿਲੂ ਤੋਂ ਕੁਝ ਨਹੀਂ ਕੀਤਾ ਜਾ ਰਿਹਾ, ਤਦ ਇਹ ਅਨੁਚਿਤ ਨਹੀਂ ਹੋਵੇਗਾ।

ਸਿੱਖਾਂ ਦਾ ਸਿੱਖ ਧਰਮ ਨੂੰ ਹਿੰਦੂ ਜਾਤੀ ਦੇ ਪੈਰੋਕਾਰਾਂ ਤੱਕ ਹੀ ਮਹਦੂਦ ਕਰਨਾ, ਸਿੱਖ ਧਰਮ ਤੇ ਗੁਰੂ ਸਾਹਿਬ ਦੇ ਆਸ਼ੇ ਦੇ ਹੀ ਉਲਟ ਨਹੀਂ ਬਲਕੇ ਮਨੁਸ਼ ਜਾਤੀ ਤੇ ਵੀ ਜ਼ੁਲਮ ਹੈ, ਤੇ ਇਸਤੋਂ ਵੀ ਅੱਗੇ ਵਧ ਕੇ ਅਕਾਲ ਪੁਰਖ ਦਾ ਭੇਜਿਆ ਆਪਣਾ ਖਾਲਸਾ ਧਰਮ ਜੋ ਜੀਵਮਾਤ੍ਰ ਲਈ ਬੁਸ਼ਾਰਤ ਹੈ ਉਸਨੂੰ ਇਕ ਖਾਸ ਸੰਪ੍ਰਦਾ ਦੇ ਆਦਮੀਆਂ ਵਾਸਤੇ ਮਖਸੂਸ ਕਰਨਾ ਅਕਾਲ ਪੁਰਖ ਦੀ ਮਨਸ਼ਾ ਦੇ ਉਲਟ ਕਰਨਾ ਹੈ, ਜ਼ਰੂਰਤ ਹੈ ਕਿ ਪੰਥ ਇਨਾਂ ਜਾਤੀਆਂ ਦੇ ਉਧਾਰ ਲਈ ਕੋਈ ਖਾਸ ਪ੍ਰਬੰਧ ਕਰੇ।

ਸਾਨੂੰ ਖਬਰ ਮਿਲੀ ਹੈ ਕਿ ਜੇਹਲਮ ਦੇ ਕੁਝ ਉਤਸ਼ਾਹੀ ਸੱਜਣਾਂ ਦੇ ਉਦਮ ਨਾਲ ਇਕ ਈਸਾਈ ਘਰਾਣੇ ਦੇ 6 ਆਦਮੀਆਂ ਨੂੰ ਅਭੇਦ ਕਰਕੇ ਸਿਖ ਧਰਮ ਵਿੱਚ ਆਂਦਾ ਗਿਆ ਹੈ ਤੇ ਇਸਤੋਂ ਵੱਧ ਕੇ ਪ੍ਰਸੰਨਤਾ ਦੀ ਗੱਲ ਇਹ ਹੈ ਕਿ ਇਸ ਘ੍ਰਾਣੇ ਨੂੰ ਬਾਇੱਜ਼ਤ ਰੋਜ਼ਗਾਰ ਕਰਨ ਲਈ 3000) ਦੇ ਕਰੀਬ ਰੁਪਯਾ ਜਮਾਂ ਕਰਕੇ ਦਿੱਤਾ ਗਿਆ ਹੈ, ਗੁਰਮਤ ਪ੍ਰਚਾਰਕ ਜੱਥਾ ਜੇਹਲਮ ਦਾ ਇਹ ਪ੍ਰਯਤਨ ਨਿਰਸੰਦੇਹ ਪ੍ਰਸੰਸਨੀਯ ਹੀ ਨਹੀਂ ਬਲਕੇ ਇਸ ਯੋਗ ਹੈ ਕਿ ਬਾਕੀ ਜੱਥੇ ਵੀ ਇਸ ਨਮੂਨੇ ਤੋਂ ਉਤਸ਼ਾਹਤ ਹੋਣ।

## ਚਿੱਠੀਆਂ ਖੂਹ ਵਿੱਚ

ਇਕ ਮਹੀਨੇ ਦੇ ਕਰੀਬ ਸ੍ਰੀ ਅੰਮ੍ਰਤਸਰ ਦੇ ਚਿੱਠੀ ਰਸਾਨਾਂ ਦੀ ਹੜਤਾਲ ਹੋਣ ਨੂੰ ਆਯਾ ਹੈ, ਅਜੇ ਤੱਕ ਨਿਪਟਾਰੇ ਦੀ ਕੋਈ ਸੂਰਤ ਨਹੀਂ ਬਣੀ, ਇਸ ਮੈਹਕਮੇ ਵੱਲੋਂ ਨਵੇਂ ਆਦਮੀ ਰੱਖੇ ਗਏ ਹਨ, ਸੋ ਇਹ ਆਦਮੀ ਨਵੇਂ ਨਾਵਾਕਫ ਹੋਣ ਦੇ ਕਾਰਨ ਆਪਣੇ ਕੰਮ ਨੂੰ ਜਿਕੁਣ ਚਾਹੀਦਾ ਹੈ ਪੂਰਾ ਕਰਨ ਵਿੱਚ ਪੂਰੇ ਕਾਮਯਾਬ ਨਹੀਂ ਹੋਏ, ਜਿਸਤੇ ਉਹਨਾਂ ਨੂੰ ਵੀ ਤਕਲੀਫ ਤੇ ਪਬਲਕ ਨੂੰ ਵੀ ਕਸ਼ਟ ਹੋ ਰਿਹਾ ਹੈ। ਡਾਕ ਦੇ ਮੈਹਕਮੇ ਨੂੰ ਹੜਤਾਲੀਆਂ ਨਾਲ ਨਾ ਨਿਪਟਾਣ ਤੇ ਇਸ ਨਵੇਂ ਪ੍ਰਬੰਧ ਵਿੱਚ ਹਾਨੀ ਹੈ ਜਾਂ ਲਾਭ? ਇਹ ਉਹ ਹੀ ਦਸ ਸੱਕਦੇ ਹਨ, ਪ੍ਰੰਤੂ ਜਿੱਥੋਂ ਤੱਕ ਸਾਨੂੰ ਖਬਰ ਮਿਲੀ ਹੈ ਪਬਲਕ ਸਖਤ ਤਕਲੀਫ ਵਿੱਚ ਹੈ, ਕਿਉਂਕਿ ਕਈ ਜਗਾ ਤੋਂ ਤਾਂ ਚਿੱਠੀਆਂ ਦੇ ਨਾ ਅਪੜਨ ਦੀ ਸ਼ਕਾਇਤ ਹੈ ਤੇ ਕਈ ਜਗਾ ਬੜੀ ਦੇਰ ਨਾਲ ਪੁੱਜਣ ਦੀ। ਵਕੀਲ ਦੇ ਇਹ ਲਿਖਣ ਤੇ ਕਿ ਚਿੱਠੀਆਂ ਦੇ ਕੁਝ ਬੰਡਲ ਇਕ ਖੂਹ ਵਿੱਚੋਂ ਮਿਲੇ ਹਨ ਤੇ ਕੁਝ ਸੰਤੋਖਸਰ ਵਿੱਚੋਂ, ਪਬਲਕ ਵਿੱਚ ਹੋਰ ਵੀ ਬੇਚੈਨੀ ਵੱਧ ਗਈ ਹੈ, ਕੀ ਡਾਕਖਾਚਤ ਦੇ ਅਫਸਰਾਂ ਤੇ ਪਹਲੇ ਚਿੱਠੀ ਰਸਾਨਾਂ ਦੇ ਵਿਚਕਾਰ ਫੈਸਲਾ ਹੋਣਾ ਅਸੰਭਵ ਹੋ ਗਿਆ ਹੈ? ਜੋ ਅਸੰਭਵ ਹੋ ਗਿਆ ਹੈ (ਜੋ ਨਈਂ ਹੋਣਾ ਚਾਹੀਦਾ) ਤਦ ਘੱਟ ਤੋਂ ਘੱਟ ਇੰਨਾ ਤਾਂ ਜ਼ਰੂਰੀ ਹੋ ਸੱਕਦਾ ਹੈ ਕਿ ਇਨ੍ਹਾਂ ਨਵੇਂ ਆਦਮੀਆਂ ਨੂੰ ਹਰ ਰੋਜ਼ ਨਵੇਂ ਹਲਕੇ ਵਿੰਚ ਨਾ ਭੇਜਿਆ ਜਾਏ? ਜੋ ਨਵੇਂ ਆਦਮੀ ਰੱਖੇ ਜਾਂਦੇ ਹਨ ਓਹ ਇਕੋ ਹਲਕੇ ਵਿਚ ਕੰਮ ਕਰਨ ਤਾਂ ਥੋੜੇ ਦਿਨਾਂ ਵਿਚ ਵਾਕਫ ਹੋ ਜਾਣ ਤੇ ਤਕਲੀਫ ਦੂਰ ਹੋਵੇ।

## ਕ੍ਰਿਪਾਨਾਂ ਦੇ ਕਾਰਖਾਨੇ

ਇਸ ਅਫਵਾਹ ਤੋਂ ਕਿ ਲਾਹੌਰ ਵਿੱਚ ਕ੍ਰਿਪਾਨਾਂ ਦੇ ਕਾਰਖਾਨਿਆਂ ਤੋਂ ਪੁਲਸ ਨੇ ਕ੍ਰਿਪਾਨਾਂ ਜ਼ਬਤ ਕਰ ਲਈਆਂ ਹਨ, ਸਿੱਖਾਂ ਵਿੱਚ ਬਦਦਿਲੀ ਉਤਪਨ ਹੋ ਗਈ ਸੀ, ਹੁਣ ਖਬਰ ਮਿਲੀ ਹੈ ਕਿ ਲਾਹੌਰ ਦੇ ਡਿਪਟੀ ਕਮਿਸ਼ਨਰ ਨੇ ਅਜਿਹਾ ਹੋਣ ਦੇ ਕਾਰਨ ਦਸਦੇ ਹੋਏ ਕਿਹਾ ਹੈ ਕਿ ਕ੍ਰਿਪਾਨਾਂ ਇਕ ਤਰਾਂ ਦਾ ਸ਼ਸਤਰ ਹਨ ਜਿਸਦੇ ਰੱਖਣ ਦੀ ਸਿੱਖਾਂ ਨੂੰ ਖੁੱਲ੍ਹ ਹੈ, ਪ੍ਰੰਤੂ ਉਹਨਾਂ ਦੇ ਬਣਾਨ ਲਈ ਉਂਜ ਹੀ ਲਾਸੰਸ ਲੈਣਾ ਜ਼ਰੂਰੀ ਹੈ, ਜੋ ਆਮ ਸ਼ਸਤਰਾਂ ਦੇ ਬਣਾਣ ਵਾਲਿਆਂ ਨੂੰ ਲੈਣਾ ਪੈਂਦਾ ਹੈ।

ਲਾਹੌਰ ਵਿੱਚ ਜੋ ਕ੍ਰਿਪਾਨਾਂ ਦੇ ਕਾਰਖਾਨੇ ਖੁਲ੍ਹੇ ਹਨ ਇਨ੍ਹਾਂ ਵਿੱਚੋਂ ਬਹੁਤਿਆਂ ਦੇ ਮਾਲਕ ਸਿੱਖ ਨਹੀਂ, ਬਲਕਿ ਮੁਸਲਮਾਨ ਤੇ ਹਿੰਦੂ ਆਦਿਕ ਹਨ, ਜਿਨ੍ਹਾਂ ਨੇ ਕਾਰਖਾਨੇ ਖੋਹਲਣ ਦਾ ਕੋਈ ਲਾਸੰਸ ਪ੍ਰਾਪਤ ਕੀਤੇ ਤੋਂ ਬਿਨਾਂ ਕਾਰਖਾਨੇ ਖੋਲ੍ਹ ਰੱਖੇ ਹਨ, ਇਨ੍ਹਾਂ ਦੇ ਇਸ ਤਰਾਂ ਕਾਨੂੰਨ ਦੀ ਵਿਰੋਧਤਾ ਕਰਨ ਦੇ ਕਾਰਨ ਅਜਿਹਾ ਕੀਤਾ ਗਿਆ ਹੈ।

ਚਾਹੀਦਾ ਹੈ ਕਿ ਗਵਰਨਮੈਂਟ ਨੇ ਜਿਸ ਤਰਾਂ ਖੁਲ੍ਹ ਦਿਲੀ ਨਾਲ ਸਿੱਖਾਂ ਨੂੰ ਕ੍ਰਿਪਾਨ ਰੱਖਣ ਦੀ (ਜੋ ਸਿੱਖਾਂ ਦਾ ਧਾਰਮਕ ਚਿੰਨ੍ਹ ਹੋਣ ਕਰਕੇ ਉਹਨਾਂ ਦੇ ਪਾਸ ਹੋਣੀ ਅਤਿ ਜ਼ਰੂਰੀ ਹੈ) ਆਗਜਾ ਦੇ ਦਿੱਤੀ ਹੋਈ ਹੈ, ਉਕਣ ਵੀ ਕ੍ਰਿਪਾਨਾਂ ਦੇ ਬਣਨ ਵਿੱਚ ਵੀ ਸੁਖੈਨਤਾ ਕਰ ਦੇਵੇ, ਤਾਂ ਕਿ ਸਿੱਖਾਂ ਨੂੰ ਕ੍ਰਿਪਾਨਾਂ ਲੈਣ ਵਿੱਚ ਕੋਈ ਖਾਸ ਮੁਸ਼ਕਲ ਪੇਸ਼ ਨਾ ਆਵੇ।

## ਮੁਰੰਮਤ ਹੋਵੇਗੀ

ਰਾਮ ਬਾਗ ਦੇ ਵਿੱਚ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਦੇ ਕੁਝ ਮਕਾਨ ਹਨ, ਕੁਝ ਚਿਰ ਤੋਂ ਇਨ੍ਹਾਂ ਦੀ ਹਾਲਤ ਵਿਗੜ ਰਹੀ ਸੀ, ਇਨ੍ਹਾਂ ਨੂੰ ਇਤਹਾਸਕ ਇਮਾਰਤ ਸਮਝ ਰੱਖਣ ਤੇ ਮੁਰੰਮਤ ਆਦਿਕ ਕਰਨ ਲਈ ਮੀਉਨਸੀਪਲ ਕਮੇਟੀ ਅੰਮ੍ਰਤਸਰ ਦੀ ਤਵੱਜੋ ਦਵਾਈ ਸੀ, ਚੌਧਰੀ ਦਯਾ ਸਿੰਘ ਜੀ ਮਿਉਨਸੀਪਲ ਕਮਿਸ਼ਨਰ ਨੇ ਇਸ ਆਸ਼ੇ ਨੂੰ ਮੁਖ ਰੱਖ ਕੇ ਕਮੇਟੀ ਵਿੱਚ ਇਕ ਮਤਾ ਪੇਸ਼ ਕੀਤਾ ਸੀ, ਕਮੇਟੀ ਨੇ ਇਹ ਤਜਵੀਜ਼ ਪ੍ਰਵਾਨ ਕਰਕੇ ਇਨ੍ਹਾਂ ਅਸਥਾਨਾਂ ਦੀ ਮੁਰੰਮਤ ਦਾ ਅਸਟੀਮੇਟ ਲਗਾਣ ਲਈ ਆਪਣੇ ਇੰਜੀਨੀਅਰ ਨੂੰ ਹੁਕਮ ਦਿੱਤਾ ਹੈ, ਆਸ਼ਾ ਹੈ ਕਿ ਇੰਜੀਨੀਅਰ ਦੇ ਅਸਟੀਮੇਟ ਪੇਸ਼ ਕਰਨ ਤੇ ਇਨ੍ਹਾਂ ਦੀ ਮੁਰੰਮਤ ਛੇਤੀ ਹੀ ਹੋ ਜਾਵੇਗੀ ਤੇ ਸਿੱਖ ਰਾਜ ਦੇ ਸਮੇਂ ਦੇ ਇਹ ਅਸਥਾਨ ਕਾਇਮ ਰੈਹਣਗੇ। ਕਿਆ ਅੱਛਾ ਹੋਵੇ ਕਿ ਇਹਨਾਂ ਇਮਾਰਤਾਂ ਉੱਤੇ ਵਿਚਕਾਰਲੀ ਇਮਾਰਤ ਵਾਂਗੂੰ ਇਹ ਲਿਖਕੇ ਭੀ ਲਗਾ ਦਿੱਤਾ ਜਾਵੇ ਕਿ ਇਹ ਇਮਾਰਤਾਂ ਕੀ ਕੀ ਸਨ?

✧ ✧ ✧ ✧ ✧

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੭੨, ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੫੧੦}

ਮੂਲ [ਵਡਹੰਸੁ ਮਹਲਾ ੪, ਛੰਤ ੨-੧੦] ਅਰਥ

ਵਡਹੰਸੁ ਮਹਲਾ ੪॥ ਹੰਉ ਗੁਰ ਬਿਨੁ ਹੰਉ ਗੁਰ ਬਿਨੁ ਖਰੀ ਨਿਮਾਣੀ ਰਾਮ॥ ਜਗਜੀਵਨੁ ਜਗਜੀਵਨੁ ਦਾਤਾ ਗੁਰ ਮੇਲਿ ਸਮਾਣੀ ਰਾਮ॥ ਸਤਿਗੁਰੁ ਮੇਲਿ ਹਰਿ ਨਾਮ ਸਮਾਣੀ ਜਪਿ ਹਰਿ ਹਰਿ ਨਾਮੁ ਧਿਆਇਆ॥ ਜਿਸੁ ਕਾਰਣਿ ਹਉ ਢੂੰਢਿ ਢੂਢੇਦੀ ਸੋ ਸਜਣੁ ਹਰਿ ਘਰਿ ਪਾਇਆ॥ ਏਕ ਦ੍ਰਿਸਿ ਹਰਿ ਏਕੋ ਜਾਤਾ ਹਰਿ ਆਤਮ ਰਾਮੁ ਪਛਾਣੀ॥ ਹੰਉ ਗੁਰ ਬਿਨੁ ਹੰਉ ਗੁਰ ਬਿਨੁ ਖਰੀ ਨਿਮਾਣੀ॥੧॥

ਮੈਂ ਗੁਰੂ ਤੋਂ ਬਿਨਾਂ (ਹਾਂ) ਮੈਂ ਗੁਰੂ ਤੋਂ ਬਿਨਾਂ ਸਚਮੁਚ ਨਿਮਾਣੀ (ਸਾਂ), (ਫੇਰ ਮੈਂ) ਜਗਤ ਦੇ ਜੀਵਨ (ਹਾਂ) ਜਗਤ ਦੇ ਜੀਵਨ ਦਾਤਾ ਗੁਰੂ ਦੇ ਮੇਲ ਵਿਚ ਸਮਾ ਗਈ, (ਭਾਵ ਗੁਰੂ ਦੀ ਮਤਿ ਵਿਚ ਮੇਰੀ ਮਤਿ ਲੀਨ ਹੋ ਗਈ; ਇਉਂ) ਸਤਿਗੁਰ ਨੂੰ ਮਿਲਕੇ (ਫੇਰ ਉਸ ਦੇ ਦਿੱਤੇ) ਹਰੀ ਨਾਮ ਵਿਚ ਸਮਾ ਗਈ। (ਕੀਕੂੰ? ਮੈਂ ਰਸਨਾਂ ਨਾਲ ਤਾਂ) ਹਰਿ ਹਰਿ ਨਾਮ ਜਪਿਆ, (ਨਾਲ ਉਹੋ ਨਾਮ ਮਨ ਵਿਚ) ਧਿਆਇਆ, (ਭਾਵ ਮਨ ਦੀ ਤਵੱਜੋ ਨਾਮ ਵਿਚ ਰਖਕੇ ਨਾਮ ਜਪਿਆ)। (ਤਦ) ਜਿਸ ਹਰੀ ਦੀ (ਪ੍ਰਾਪਤੀ) ਖ਼ਾਤਰ ਮੈਂ ਢੂੰਡਾਂ ਭਾਲਾਂ ਕਰਦੀ ਸਾਂ, ਉਹ (ਹਰੀ ਰੂਪ) ਸਜਣ (ਮੈਂ) ਮਨ ਵਿਚੋਂ ਹੀ ਪਾ ਲਿਆ। (ਹੁਣ) ਇਕ ਦ੍ਰਿਸ਼ਟੀ ਕਰਕੇ ਇਕੋ (ਤੈਨੂੰ ਹੀ) 'ਹਰੀ' ਜਾਣ ਲਿਆ ਹੈ (ਤੈਨੂੰ ਹੀ ਹੇ ਹਰੀ ਆਤਮ ਰਾਮ (ਬ੍ਰਹਮ) ਪਛਾਣ ਲਿਆ ਹੈ। (ਇਸ ਤੋਂ ਪਹਿਲਾਂ) ਮੈਂ ਗੁਰੂ ਤੋਂ ਬਿਨਾਂ ਹਾਂ, ਗੁਰੂ ਤੋਂ ਬਿਨਾ ਖਰੀ ਨਿਮਾਣੀ ਸਾਂ॥੧॥

ਜਿਨਾ ਸਤਿਗੁਰੁ ਜਿਨ ਸਤਿਗੁਰੁ ਪਾਇਆ ਤਿਨ ਹਰਿ ਪ੍ਰਭੁ ਮੇਲਿ ਮਿਲਾਏ ਰਾਮ॥ ਤਿਨ ਚਰਣ ਤਿਨ ਚਰਣ ਸਰੇਵਹ ਹਮ ਲਾਗਹ ਤਿਨ ਕੈ ਪਾਏ ਰਾਮ॥ ਹਰਿ ਹਰਿ ਚਰਣ ਸਰੇਵਹ ਤਿਨ ਕੇ ਜਿਨ ਸਤਿਗੁਰੁ ਪੁਰਖੁ ਪ੍ਰਭੁ ਧ੍ਯਾਇਆ॥ ਤੂ ਵਡਦਾਤਾ ਅੰਤਰਜਾਮੀ ਮੇਰੀ ਸਰਧਾ ਪੂਰਿ ਹਰਿ ਰਾਇਆ॥ ਗੁਰਸਿਖ ਮੇਲਿ ਮੇਰੀ ਸਰਧਾ ਪੂਰੀ ਅਨਦਿਨੁ ਰਾਮ ਗੁਣ ਗਾਏ॥ ਜਿਨ ਸਤਿਗੁਰੁ ਜਿਨ ਸਤਿਗੁਰੁ ਪਾਇਆ ਤਿਨ ਹਰਿ ਪ੍ਰਭੁ ਮੇਲਿ ਮਿਲਾਏ॥੨॥

(ਸੋ ਸਮਝ ਲਓ ਕਿ) ਜਿਨ੍ਹਾਂ ਨੇ ਸਤਿਗੁਰੂ (ਹਾਂ) ਜਿਨ੍ਹਾਂ ਨੇ ਸਤਿਗੁਰੂ ਪਾ ਲਿਆ ਉਨ੍ਹਾਂ ਨੂੰ (ਸਤਿਗੁਰੂ) ਹਰੀ ਪ੍ਰਭੂ ਦੇ ਮੇਲ ਵਿਚ ਮਿਲਾਏਗਾ। ਅਸੀਂ ਉਨ੍ਹਾਂ ਦੇ ਚਰਣ ਸੇਵਾਂਗੇ। ਹੇ ਹਰੀ ਹਰਿ! (ਅਸੀਂ) ਉਨ੍ਹਾਂ ਦੇ ਚਰਣ (ਜ਼ਰੂਰ) ਸੇਵਾਂਗੇ ਜਿਨ੍ਹਾਂ ਨੇ ਸਤਿਗੁਰੂ ਪੁਰਖ (ਤੇ) ਪ੍ਰਭੂ ਨੂੰ ਧਿਆਇਆ ਹੈ। ਹੇ ਹਰੀ ਰਾਏ! ਤੂੰ ਵਡਾ ਦਾਤਾ ਹੈਂ, ਅੰਤਰਜਾਮੀ ਹੈਂ, ਮੇਰੀ (ਇਕ) ਸ਼ਰਧਾ ਪੂਰੀ ਕਰ। (ਸ਼ਰਧਾ ਕੀ ਹੈ? ਉੱਤਰ:) (ਮੈਨੂੰ) ਗੁਰੂ ਸਿਖ ਮਿਲਾ ਦੇਹ, (ਤਾਂ) ਮੇਰੀ ਸ਼ਰਧਾ ਪੂਰੀ (ਹੁੰਦੀ ਹੈ, ਉਹ ਗੁਰ ਸਿਖ ਜੋ ਮਿਲਕੇ) ਹਰ ਦਿਨ (ਪ੍ਰਭੂ ਦੇ) ਗੁਣ ਗਾਵੇ। (ਕਿਉਂਕਿ ਇਹ ਪ੍ਰਤੱਖ ਹੈ ਕਿ) ਜਿਨ੍ਹਾਂ ਨੇ ਸਤਿਗੁਰੂ (ਹਾਂ) ਜਿਨ੍ਹਾਂ ਨੇ ਸਤਿਗੁਰੂ ਪਾਇਆ ਹੈ ਉਨ੍ਹਾਂ ਦੇ ਮੇਲੇ (ਹੇ) ਪ੍ਰਭੂ! (ਤੂੰ ਹੀ) ਮਿਲਾਉਂਦਾ ਹੈਂ॥੨॥

ਹੰਉ ਵਾਰੀ ਹੰਉ ਵਾਰੀ ਗੁਰਸਿਖ ਮੀਤ ਪਿਆਰੇ ਰਾਮ॥ ਹਰਿ ਨਾਮੋ ਹਰਿ ਨਾਮੁ ਸੁਣਾਏ ਮੇਰਾ ਪ੍ਰੀਤਮੁ ਨਾਮੁ ਅਧਾਰੇ ਰਾਮ॥ ਹਰਿ ਹਰਿ ਨਾਮੁ ਮੇਰਾ ਪ੍ਰਾਨ ਸਖਾਈ ਤਿਸੁ ਬਿਨੁ ਘੜੀ ਨਿਮਖ ਨਹੀ ਜੀਵਾਂ॥ ਹਰਿ ਹਰਿ ਕ੍ਰਿਪਾ ਕਰੇ ਸੁਖਦਾਤਾ ਗੁਰਮੁਖਿ ਅੰਮ੍ਰਿਤੁ ਪੀਵਾਂ॥ ਹਰਿ ਆਪੇ ਸਰਧਾ ਲਾਇ ਮਿਲਾਏ ਹਰਿ ਆਪੇ ਆਪਿ ਸਵਾਰੇ॥ ਹੰਉ ਵਾਰੀ ਹੰਉ ਵਾਰੀ ਗੁਰਸਿਖ ਮੀਤ ਪਿਆਰੇ॥੩॥

(ਐਸੇ) ਮਿਤ੍ਰ ਪਿਆਰੇ ਗੁਰੂ ਸਿਖ ਤੋਂ ਮੈਂ ਵਾਰੇ ਹਾਂ, (ਹਾਂ) ਮੈ ਵਾਰੇ ਹਾਂ (ਜੋ) ਹਰੀ ਨਾਮ ਹਰੀ ਨਾਮ ਹੀ (ਮੈਨੂੰ) ਸੁਣਾਵੇ, (ਹਾਂ) ਨਾਮ (ਜੋ) ਮੇਰਾ ਪ੍ਰੀਤਮ ਹੈ (ਤੇ) ਮੇਰਾ ਆਸਰਾ ਹੈ। ਹਰਿ ਹਰਿ ਨਾਮ ਮੇਰਾ ਪ੍ਰਾਣਾਂ ਦਾ ਮਿਤ੍ਰ ਹੈ (ਜੀਵਨ ਦਾ ਸਹਾਯਕ) ਉਸ ਬਿਨਾਂ ਮੈਂ (ਇਕ) ਘੜੀ (ਕੀਹ ਇਕ) ਪਲ ਨਹੀਂ ਜੀ ਸਕਦਾ। ਸੁਖਦਾਤਾ ਹਰੀ ਹਰਿ ਕਿਰਪਾ ਕਰੇ (ਤਾਂ) ਮੈਂ ਗੁਰੂ ਦੁਆਰਾ (ਪ੍ਰਾਪਤ ਹੋਇਆ ਨਾਮ) ਅੰਮ੍ਰਿਤ ਪੀਂਦਾ ਰਹਾਂ। ਹਰੀ ਆਪੇ ਸ਼ਰਧਾ ਲਾਕੇ ਮਿਲਾਉਂਦਾ ਹੈ, ਹਰੀ ਆਪਣੇ ਆਪ ਹੀ (ਮਿਲਾਕੇ) ਸੰਵਾਰਦਾ ਹੈ। ਮੈਂ ਪਿਆਰੇ ਮਿਤ੍ਰ ਗੁਰ ਸਿਖ ਤੋਂ ਵਾਰੀ ਹਾਂ, ਮੈਂ ਘੋਲੀ ਹਾਂ॥੩॥

ਹਰਿ ਆਪੇ ਹਰਿ ਆਪੇ ਪੁਰਖੁ ਨਿਰੰਜਨੁ ਸੋਈ ਰਾਮ॥ ਹਰਿ ਆਪੇ ਹਰਿ ਆਪੇ ਮੇਲੈ ਕਰੈ ਸੋ ਹੋਈ ਰਾਮ॥ ਜੋ ਹਰਿ ਪ੍ਰਭ ਭਾਵੈ ਸੋਈ ਹੋਵੈ ਅਵਰੁ ਨ ਕਰਣਾ ਜਾਈ॥ ਬਹੁਤੁ ਸਿਆਣਪ ਲਇਆ ਨ ਜਾਈ ਕਰਿ ਥਾਕੇ ਸਭਿ ਚਤੁਰਾਈ॥ ਗੁਰਪ੍ਰਸਾਦਿ ਜਨ ਨਾਨਕ ਦੇਖਿਆ ਮੈ ਹਰਿ ਬਿਨੁ ਅਵਰੁ ਨ ਕੋਈ॥ ਹਰਿ ਆਪੇ ਹਰਿ ਆਪੇ ਪੁਰਖੁ ਨਿਰੰਜਨੁ ਸੋਈ॥੪॥੨॥

ਹਰੀ ਆਪੇ ਹਰੀ ਆਪੇ ਉਹੋ ਮਾਇਆ ਤੋਂ ਰਹਿਤ ਪੁਰਖ ਹੈ, ਹਰਿ ਆਪੇ ਹਰਿ ਆਪੇ (ਸਤਿਗੁਰੂ) ਮੇਲਦਾ, (ਤੇ ਜੋ ਉਹ) ਕਰੇ ਸੋ ਹੋ ਜਾਂਦਾ ਹੈ। ਜੋ ਹਰੀ ਪ੍ਰਭੂ ਨੂੰ ਭਾਉਂਦਾ ਹੈ ਉਹੋ ਕੁਛ ਹੁੰਦਾ ਹੈ, ਹੋਰ ਕੁਛ ਕੀਤਾ ਨਹੀਂ ਜਾ ਸਕਦਾ। ਬਹੁਤੀਆਂ ਸਿਆਣਪਾਂ ਨਾਲ (ਹਰੀ) ਲੀਤਾ ਨਹੀਂ ਜਾ ਸਕਦਾ, ਸਭ (ਲੋਕ) ਚਤੁਰਾਈ ਕਰਦੇ ਥੱਕ ਗਏ ਹਨ। (ਆਖਦੇ ਹਨ) ਜਨ ਨਾਨਕ (ਜੀ ਕਿ) ਮੈਂ ਗੁਰੂ ਦੀ ਕ੍ਰਿਪਾ ਨਾਲ ਦੇਖਿਆ ਹੈ ਕਿ ਹਰੀ ਤੋਂ ਬਿਨਾਂ ਹੋਰ ਕੋਈ ਨਹੀਂ ਹੈ। ਹਰੀ ਆਪ ਹੀ ਹਰੀ ਆਪ ਹੀ ਉਹੋ ਮਾਯਾ ਤੋਂ ਰਹਤ ਪੁਰਖ ਹੈ॥੪॥੨॥

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

# ਸਵਰਨ ਸਿੰਘ ਕਾਹਲੋਂ ਦੀ ਪੁਸਤਕ 'ਸਿੱਖਸ ਇਨ ਕਾਨਟੀਨੈਂਟਲ ਯੂਰੋਪ' 'ਤੇ ਚਰਚਾ

ਨਵੀਂ ਦਿੱਲੀ, 15 ਜਨਵਰੀ, 2021- ਨੈਸ਼ਨਲ ਇੰਸਟੀਚਿਊਟ ਆਫ਼ ਪੰਜਾਬ ਸਟੱਡੀਜ਼, ਭਾਈ ਵੀਰ ਸਿੰਘ ਸਾਹਿਤ ਸਦਨ ਵੱਲੋਂ ਮਹੀਨਾਵਾਰ ਪੁਸਤਕ ਚਰਚਾ ਦੇ ਪ੍ਰੋਗਰਾਮ ਤਹਿਤ ਇਸ ਵਾਰ ਸ. ਸਵਰਨ ਸਿੰਘ ਕਾਹਲੋਂ ਦੀ ਪੁਸਤਕ **ਸਿੱਖਸ ਇਨ ਕਾਨਟੀਨੈਂਟਲ ਯੂਰੋਪ** 'ਤੇ ਆਨਲਾਈਨ ਚਰਚਾ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਪ੍ਰਮੁੱਖ ਵਕਤਿਆਂ ਵਜੋਂ ਲੁੰਡ ਯੂਨੀਵਰਸਿਟੀ, ਸਵੀਡਨ ਦੇ ਸੈਂਟਰ ਫ਼ਾਰ ਥੀਓਲੋਜੀ ਐਂਡ ਰਿਲੀਜੀਅਸ ਸਟੱਡੀਜ਼ ਤੋਂ ਵਿਜ਼ੀਟਿੰਗ ਪ੍ਰੋਫ਼ੈਸਰ ਕ੍ਰਿਸਟੀਨਾ ਮ੍ਯਾਰਵਲਡ, ਐਸਜੀਟੀਬੀ ਫਾਈਬਰਜ਼ ਐਂਡ ਯਾਰਨਸ ਬੈਂਗਲੌਰ ਦੇ ਚੇਅਰਮੈਨ ਸ. ਅਮਰਜੀਤ ਸਿੰਘ ਬਾਮਰਾਹ ਅਤੇ ਪੁਸਤਕ ਦੇ ਲੇਖਕ ਸ. ਸਵਰਨ ਸਿੰਘ ਕਾਹਲੋਂ ਨੇ ਸ਼ਿਰਕਤ ਕੀਤੀ। ਇਸ ਦਾ ਸੰਚਾਲਨ ਦਿਆਲ ਸਿੰਘ ਈਵਨਿੰਗ ਕਾਲਜ, ਯੂਨੀਵਰਸਿਟੀ ਆਫ਼ ਦਿੱਲੀ ਦੇ ਐਸੋਸੀਏਟ ਪ੍ਰੋਫ਼ੈਸਰ ਮਾਧੁਰੀ ਚਾਵਲਾ ਨੇ ਕੀਤਾ। ਯੂਨੀਵਰਸਿਟੀ ਆਫ਼ ਦਿੱਲੀ ਦੇ ਪੰਜਾਬੀ ਵਿਭਾਗ ਤੋਂ ਪ੍ਰੋ. ਰਵੇਲ ਸਿੰਘ ਇਸ ਚਰਚਾ ਦੇ ਕਨਵੀਨਰ ਸਨ।

ਪ੍ਰੋਗਰਾਮ ਦਾ ਆਰੰਭ ਕਰਦਿਆਂ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਨੇ ਸਭ ਨੂੰ ਜੀਓ-ਆਇਆਂ ਕਹਿੰਦਿਆਂ ਵਕਤਿਆਂ ਅਤੇ ਲੇਖਕ ਨਾਲ ਜਾਣ-ਪਹਿਚਾਣ ਕਰਵਾਈ। ਪ੍ਰੋਗਰਾਮ ਦੀ ਸੰਚਾਲਕ ਮਾਧੁਰੀ ਚਾਵਲਾ ਨੇ ਪੁਸਤਕ ਬਾਰੇ ਜ਼ਿਕਰ ਕਰਦਿਆਂ ਦੱਸਿਆ ਕਿ ਇਹ ਪੁਸਤਕ ਮੂਲ ਰੂਪ ਵਿਚ ਯੂਰੋਪ ਦੇ 17 ਦੇਸ਼ਾਂ 'ਚ ਹੋਏ ਸਿੱਖ ਪਰਵਾਸ ਅਤੇ ਓਥੋਂ ਦੀ ਸਥਿਤੀ ਨਾਲ ਸੰਬੰਧਿਤ ਹੈ। ਕ੍ਰਿਸਟੀਨਾ ਮ੍ਯਾਰਵਲਡ ਨੇ ਲੇਖਕ ਦੁਆਰਾ ਕੀਤੇ ਗਏ ਘਾਲਣਾ ਭਰਪੂਰ ਉਦਮ ਦੀ ਪ੍ਰਸੰਸਾ ਕਰਦਿਆਂ ਇਸ ਨੂੰ ਅਜਿਹੀ ਸਿਰਜਣਾ ਕਿਹਾ ਜਿਸ ਵਿਚ ਨਾ ਸਿਰਫ਼ ਉਸ ਦੇਸ਼ ਦੀ ਭੂਗੋਲਿਕ, ਸਮਾਜਿਕ, ਆਰਥਿਕ, ਨੀਤੀਗਤ ਅਤੇ ਰਾਜਨੀਤਿਕ ਦਸ਼ਾ ਦਾ ਪਤਾ ਚੱਲਦਾ ਹੈ ਸਗੋਂ ਸਿੱਖ ਪਰਵਾਸ ਜੋ ਕਿ ਇਸ ਪੁਸਤਕ ਦਾ ਇਕ ਪ੍ਰਮੁੱਖ ਵਿਸ਼ਾ ਹੈ, ਦੀ ਸਥਿਤੀ ਬਾਰੇ ਪੂਰੇ ਤੱਤਾਂ-ਤੱਥਾਂ ਸਹਿਤ ਸਹੀ ਜਾਣਕਾਰੀ ਵੀ ਮਿਲਦੀ ਹੈ। ਉਹਨਾਂ ਅਨੁਸਾਰ ਗੁਰਦੁਆਰਾ ਸੰਸਥਾ, ਸਿੱਖ ਪਛਾਣ, ਪਰਵਾਸ ਆਦਿ ਬਾਰੇ ਇਸ ਪੁਸਤਕ 'ਚ ਭਰਪੂਰ ਜ਼ਿਕਰ ਹੋਇਆ ਹੈ। ਕੇਸ ਸਟੱਡੀ, ਇੰਟਰਵਿਓ ਤੇ ਅਖ਼ਬਾਰੀ ਹਵਾਲਿਆਂ ਰਾਹੀਂ ਲੇਖਕ ਨੇ ਪੁਸਤਕ ਨੂੰ ਦਿਲਚਸਪ ਹੀ ਨਹੀਂ ਸਗੋਂ ਜ਼ਮੀਨੀ ਵਾਕਫ਼ੀ ਦੇ ਵੀ ਨੇੜੇ ਪਹੁੰਚਾਇਆ ਹੈ। ਸ. ਅਮਰਜੀਤ ਸਿੰਘ ਬਾਮਰਾਹ ਅਨੁਸਾਰ ਅਮਰੀਕਾ, ਕੈਨੇਡਾ, ਇੰਗਲੈਂਡ ਤੋਂ ਬਾਅਦ ਬਾਕੀ ਯੂਰਪੀਨ ਮੁਲਕਾਂ ਵਿਚ ਜੋ ਸਿੱਖ ਪਰਵਾਸ ਹੋਇਆ ਹੈ ਉਸਦਾ ਬਹੁਤ ਸਟੀਕ ਤੇ ਸੁੰਦਰ ਚਿਤਰਣ ਸਾਨੂੰ ਇਸ ਪੁਸਤਕ ਵਿਚ ਮਿਲਦਾ ਹੈ। ਉਹਨਾਂ ਸਿੱਖ ਪਰਵਾਸ ਦੇ ਪ੍ਰਮੁੱਖ ਕਾਰਨਾਂ ਦਾ ਉਲੇਖ ਕਰਦਿਆਂ ਇਸ ਮੌਕੇ ਵਿਦੇਸ਼ਾਂ 'ਚ ਗੁਜ਼ਾਰੇ ਕੁਝ ਆਪਣੇ ਅਨੁਭਵਾਂ ਨੂੰ ਵੀ ਸ੍ਰੋਤਿਆਂ ਨਾਲ ਸਾਂਝਾਂ ਕੀਤਾ। ਲੇਖਕ ਸਵਰਨ ਸਿੰਘ ਕਾਹਲੋਂ ਨੇ ਆਪਣੇ ਸੰਬੋਧਨ 'ਚ ਇਹਨਾਂ ਦੇਸ਼ਾਂ ਦੇ ਲੋਕਾਂ ਨੂੰ ਮਿਲਣ ਦੇ ਨਾਲ-ਨਾਲ ਇੱਥੋਂ ਬਾਰੇ ਜਾਨਣਾ ਤੇ ਸਿੱਖ ਪਰਵਾਸ ਬਾਰੇ ਲਿਖਣ ਨੂੰ ਪੁਸਤਕ ਲਿਖਣ ਦਾ ਮੁੱਖ ਉਦੇਸ਼ ਦੱਸਿਆ। ਲੇਖਕ ਅਨੁਸਾਰ ਸਿੱਖ ਦੀ ਪਛਾਣ ਦਸਤਾਰ ਉਹਨਾਂ ਲਈ ਹਰ ਥਾਂ ਇਕ ਅਜਿਹੀ ਖਿੱਚ ਦਾ ਸਬੱਬ ਬਣੀ ਕਿ ਸਿੱਖ ਪਰਵਾਸ ਉਹਨਾਂ ਦੀਆਂ ਲਿਖਤਾਂ ਦਾ ਮੁੱਖ ਸ੍ਰੋਤ ਤੇ ਮਾਧਿਅਮ ਬਣ ਗਿਆ। ਇਸ ਤੋਂ ਅੱਗੇ ਉਹਨਾਂ ਦੀ ਪਹਿਲ-ਕਦਮੀ ਏਸ਼ੀਆ ਅਤੇ ਭਾਰਤ 'ਚ ਵੱਸਦੇ ਸਿੱਖ ਹੋਣਗੇ। ਅਖ਼ੀਰ ਵਿਚ ਪ੍ਰੋ. ਰਵੇਲ ਸਿੰਘ ਨੇ ਇਸ ਪੁਸਤਕ ਨੂੰ ਇਕ ਅਜਿਹੀ ਜਾਣਕਾਰੀ ਭਰਪੂਰ ਰੌਚਕ ਸਿਰਜਣਾ ਕਿਹਾ ਜਿਸ ਨੂੰ ਹਰ ਪੰਜਾਬੀ ਨੂੰ ਪੜ੍ਹਨਾ ਚਾਹੀਦਾ ਹੈ। ਉਹਨਾਂ ਚਰਚਾ 'ਚ ਹਾਜ਼ਰ ਵਕਤਿਆਂ, ਲੇਖਕ ਅਤੇ ਸ੍ਰੋਤਿਆਂ ਦਾ ਤਹਿ-ਦਿਲੋਂ ਧੰਨਵਾਦ ਕੀਤਾ। ✧ ✧



**ਪ੍ਰੋ. ਕ੍ਰਿਸਟੀਨਾ ਮ੍ਯਾਰਵਲਡ**




**ਡਾ. ਮਾਧੁਰੀ ਚਾਵਲਾ**



**ਸ. ਸਵਰਨ ਸਿੰਘ ਕਾਹਲੋਂ**



**ਸ. ਅਮਰਜੀਤ ਸਿੰਘ ਬਾਮਰਾਹ**



**ਡਾ. ਮਹਿੰਦਰ ਸਿੰਘ**



**ਡਾ. ਰਵੇਲ ਸਿੰਘ**